੧ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਭਾਈ ਵੀਰ ਸਿੰਘ

*ਸਮਰਪਿਤ*

ਤਿਨ ਸੌ ਸਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਗੁਰਤਾ ਗੱਦੀ ਦਿਵਸ-ਅਕਤੂਬਰ, 2008

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

Sri Guru Granth Sahib Ji

*Bhai Vir Singh*

ISBN # 978-81-904956-1-5

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਪਹਿਲੀ ਐਡੀਸ਼ਨ, ਅਕਤੂਬਰ, 2008

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer :***
Printograph
2966/41, Beadon Pura
Karol Bagh, New Delhi - 110005

ਮੁੱਲ : 48/- ਰੁਪਏ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਸੂਚੀ ਪੱਤਰ


| ਸੰ: | ਸਿਰਲੇਖ | ਪੰਨਾ |
|---|---|---|
| 1. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 1 |
| 2. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦ੍ਰਿਸ਼ ਪ੍ਰਭਾਵ | 7 |
| 3. | ਸ੍ਰੀ ਗੁਰੂ ਗ੍ਰੰਥ ਸਾਹਿਬ-ਵਲਵਲੇ | 13 |
| 4. | ਆਦਿ ਗ੍ਰੰਥ ਰਚਨਾ | 21 |
| 5. | ਪਰਮ ਪਾਵਨ, ਪਰਮ ਉਪਕਾਰੀ ਬੀੜ ਸਾਹਿਬ ਦੀ ਸਥਾਪਨਾਂ | 54 |
| 6. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾਈ ਦਾ ਅਸੂਲ | 63 |
| 7. | ਦਮਦਮੀ ਬੀੜ | 73 |
| 8. | ਆਦਿ ਬੀੜ ਤੇ ਦਮਦਮੀ ਬੀੜ | 83 |
| 9. | ਗੁਰਬਾਣੀ ਦਾ ਸੰਦੇਸ਼ ਅਤੇ ਜਾਤ-ਪਾਤ | 87 |
| 10. | ਗੁਰਬਾਣੀ ਇਸੁ ਜਗ ਮਹਿ ਚਾਨਣ | 94 |
| 11. | ਮਹਾਪੁਰਖਾਂ ਦੇ ਵਿਚਾਰ | 100 |
| 12. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਕਵਿਤਾ) | 106 |

ੳ

# ਭੂਮਿਕਾ

ਗੁਰੂ ਪਿਆਰੇ ਸਤਿਕਾਰਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪਣੀ ਰਚਨਾ ਅਸ਼ਟ ਗੁਰ ਚਮਤਕਾਰ (ਭਾਗ-2) ਵਿਚ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਵਿਸਥਾਰ ਨਾਲ ਲਿਖਿਆ ਹੈ। ਕੁਦਰਤੀ ਗਲ ਹੈ ਕਿ ਉਸ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਜੂਦ ਕਿਸ ਤਰ੍ਹਾਂ ਹੋਂਦ ਵਿਚ ਆਇਆ', ਇਸ ਵਿਸ਼ੇ ਤੇ ਭਾਈ ਸਾਹਿਬ ਜੀ ਨੇ ਕਈ ਲੇਖ ਲਿਖੇ। ਪਾਠਕਾਂ ਦੀ ਸਹੂਲਤ ਲਈ ਉਹ ਸਾਰੇ ਲੇਖ ਤਰਤੀਬ ਕਰਕੇ ਇਸ ਛੋਟੇ ਆਕਾਰ ਦੀ ਹਥਲੀ ਪੁਸਤਕ ਵਿਚ ਦੇ ਦਿਤੇ ਗਏ ਹਨ।

ਇਸ ਤੋਂ ਵੱਖਰੇ ਸਮੇਂ ਸਮੇਂ ਸਿਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਕੋਮਲ ਹਿਰਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ਼ਰਧਾ ਦੇ ਵਲਵਲੇ ਚਸ਼ਮੇ ਵਾਂਙੂ ਉੱਮਲਦੇ ਤੇ ਫੁਲਾਂ ਵਾਂਙੂ ਖਿਲਦੇ ਰਹੇ। ਇਸ ਵਿਸ਼ੇ ਤੇ ਲਿਖੇ ਲੇਖ ਤੇ ਟ੍ਰੈਕਟ ਖਾਲਸਾ ਸਮਾਚਾਰ ਵਿਚ ਛਪਕੇ ਹਜ਼ਾਰਾਂ ਦੀ ਗਿਣਤੀ ਵਿਚ ਗੁਰੂ ਪਿਆਰਿਆਂ ਪਾਸ ਪਹੁੰਚਦੇ ਰਹੇ। ਇਹੋ ਜਿਹੇ ਕੀਮਤੀ ਮੋਤੀ ਵੱਖ ਵੱਖ ਜਗ੍ਹਾ ਤੇ ਖਿਲਰੇ ਪਏ ਹਨ ਤੇ ਗੁੰਮ ਹੋਣ ਦਾ ਡਰ ਹੈ। ਭਾਈ ਵੀਰ ਸਿੰਘ ਸਾਹਿਤ ਸਦਨ ਨੇ ਉਪਰਾਲਾ ਕਰਕੇ ਭਾਈ ਵੀਰ ਸਿੰਘ ਜੀ ਰਚਿਤ ਜਿੰਨੇ ਕੁ ਲੇਖ ਗੁਰੂ ਗ੍ਰੰਥ ਸਾਹਿਬ ਬਾਰੇ ਲਭ ਸਕੇ ਇਸ ਪੁਸਤਕ ਵਿਚ ਛਾਪ ਦਿਤੇ ਹਨ ਤਾਂਕਿ ਸੁਰਕਸ਼ਿਤ ਰਹਿ ਸਕਣ। ਇਹਨਾਂ ਲੇਖਾਂ ਤੋਂ ਇਲਾਵਾ ਭਾਈ ਸਾਹਿਬ ਜੀ ਰਚਿਤ ਹੋਰ ਲੇਖ ਇਸ ਵਿਸ਼ੇ ਤੇ ਕਿਸੇ ਸੱਜਣ ਪਾਸ ਹੋਣ ਤਾਂ ਕ੍ਰਿਪਾ ਕਰਕੇ ਫੋਟੋ ਕਾਪੀ ਭੇਜਣ ਦੀ ਕ੍ਰਿਪਾਲਤਾ ਕਰਨ। ਅਸੀਂ ਦਿਲੋਂ ਧੰਨਵਾਦੀ ਹੋਵਾਂਗੇ ਤੇ ਛਾਪਣ ਦਾ ਯਤਨ ਕਰਾਂਗੇ।

ਅਸੀਂ ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ-ਗੱਦੀ ਦਿਵਸ, ਜੋ ਕਿ ਸਾਰੀ ਦੁਨੀਆਂ ਵਿਚ ਬੜੀ ਧੂਮਧਾਮ ਨਾਲ ਮਨਾਇਆ ਗਿਆ ਹੈ, ਨੂੰ ਸਮਰਪਿਤ ਕਰ ਰਹੇ ਹਾਂ।

ਕੋਈ ਭੁਲ ਚੁੱਕ ਹੋ ਗਈ ਹੋਵੇ ਤਾਂ ਲਿਖ ਭੇਜਣਾ ਜੀ। ਅਸੀਂ ਰਿਣੀ ਹੋਵਾਂਗੇ ਤੇ ਅਗਲੇ ਐਡੀਸ਼ਨਾਂ ਵਿਚ ਸੁਧਾਈ ਕਰਨ ਦਾ ਯਤਨ ਕਰਾਂਗੇ।

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

ਅਕਤੂਬਰ, 2008

੧.

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**'ਗ੍ਰੰਥ'** ਪਦ ਤੋਂ ਸਾਡੀ ਮੁਰਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਭਾਵੇਂ ਇਨ੍ਹਾਂ ਨੂੰ ਗੁਰਿਆਈ ਦੀ ਪਦਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਰਪਨ ਕੀਤੀ ਹੈ, ਪਰ ਜੇ ਇਤਿਹਾਸ ਦੀ ਖੋਜ ਕਰੀਏ ਤਾਂ ਪਤਾ ਲਗੇਗਾ ਕਿ ਕੇਵਲ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਖ਼ਾਤਰ ਦਸੋਂ ਪਾਤਸ਼ਾਹੀਆਂ ਦਾ ਆਗਮਨ ਹੋਇਆ ਹੈ ਅਤੇ ਦਸੋਂ ਹੀ ਪਾਤਸ਼ਾਹੀਆਂ ਦੀ ਧਾਰਮਿਕ ਰੂਹ ਇਹੀ ਧਰਮ ਗ੍ਰੰਥ ਹੈ। ਇਹ ਬੀੜ ਮਾਮੂਲੀ ਕਿਤਾਬ ਨਹੀਂ ਅਤੇ ਨਾ ਇਨਸਾਨ ਦੀ ਅਕਲ ਦੀ ਪੈਦਾਇਸ਼ ਹੈ, ਪਰੰਤੂ ਜਿਸ ਵਸਤੂ ਦੇ ਨਾ ਹੋਣ ਕਰਕੇ ਪੁਰਾਣੇ ਮਤ ਮਿਸਲ : ਮਿਸਰੀ, ਯੂਨਾਨੀ, ਆਈਸੀਰੀ, ਆਰਮੀਨੀ, ਟਿਊਟਾਨੀ ਆਦਿਕ ਯੂਰਪ ਵਿਚ ਅਤੇ ਅਨੇਕ ਮਤ ਆਰਯਨ ਕੌਮ ਦੇ (ਪ੍ਰਾਚੀਨ ਈਰਾਨੀਆਂ ਸਮੇਤ) ਏਸ਼ੀਆ ਵਿਚ, ਇਸੇ ਤਰ੍ਹਾਂ ਮੈਕਸੀਕਨ ਆਦਿਕ ਅਮਰੀਕਾ ਵਿਚ ਅਤੇ ਜ਼ੁਲੂ ਆਦਿਕ ਅਫ਼ਰੀਕਾ ਵਿਚ ਲੋਪ ਹੋ ਗਏ ਹਨ, ਉਹ ਵਸਤੂ ਇਸ ਮਤ ਵਿਚ ਬਹੁਤ ਆਸਾਨ ਤਰੀਕੇ ਨਾਲ ਦੱਸੀ ਪਈ ਹੈ। ਉਹ ਵਸਤੂ ਕੀ ਹੈ? ਉਹ ਵਸਤੂ ਪਰਮਾਤਮਾ ਦਾ ਪੂਰਨ ਗਿਆਨ ਹੈ ਅਤੇ ਪਰਮਾਤਮਾ ਦੇ ਮਿਲਣ ਦਾ ਭਗਤੀ ਦੁਆਰੇ ਰਸਤਾ ਹੈ, ਜੋ ਜੀਵਾਂ ਦੀ ਸਮਝ ਵਿਚ ਆ ਸਕਦਾ ਹੈ ਅਤੇ ਇਸ ਧਰਮ ਪੁਸਤਕ ਵਿਚ ਦਸਿਆ ਗਿਆ ਹੈ। ਭਾਵੇਂ ਇਹ ਦੋਨੋਂ ਬਾਤਾਂ ਅਜ ਕਲ ਜੀਉਂਦੇ ਜਾਗਦੇ ਧਰਮਾਂ ਵਿਚ ਬੀ ਹਨ, ਪਰ ਉਨ੍ਹਾਂ ਬਾਤਾਂ ਵਿਚ ਅਗਯਾਨਤਾ ਨੇ ਐਨੀ ਔਖਿਆਈ ਸੁਟ ਦਿਤੀ ਹੈ ਕਿ ਉਹ ਮੱਸਿਆ ਦੇ ਚੰਦ ਦੀ ਤਰ੍ਹਾਂ ਨਜ਼ਰ ਨਹੀਂ ਆਉਂਦੀਆਂ। ਖ਼ੁਦਗਰਜ਼ੀ, ਹਉਮੈ ਅਤੇ ਹੰਕਾਰ ਦਾ ਬੂਰ ਉਹਨਾਂ ਧਰਮਾਂ ਦੇ ਨਿਰਮਲ ਜਲ ਪੁਰ ਫੈਲਿਆ ਹੋਇਆ

ਹੈ, ਜਿਸ ਕਰਕੇ ਦੁਨੀਆਂ ਦੇ ਲੋਕ ਉਹਨਾਂ ਦੋਨੋਂ ਭਾਵਾਂ ਤੋਂ ਅਗਯਾਤ ਹੋ ਰਹੇ ਹਨ। ਉਹੀ ਕੁਚਾਲ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਨੂੰ ਪਿੱਛੇ ਸੁੱਟਣ ਲੱਗ ਪਈ ਹੈ। ਅਗਯਾਨਤਾ ਦਾ ਅੰਧੇਰਾ ਵਧਣ ਲੱਗ ਪਿਆ ਹੈ, ਜਿਸ ਕਰਕੇ ਖ਼ੌਫ਼ ਪੈਦਾ ਹੋ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥਕ ਗਿਆਨ ਅਨਮਤਾਂ ਦੀ ਤਰ੍ਹਾਂ ਲੋਪ ਨਾ ਹੋ ਜਾਵੇ। ਜਿਸ ਅਕਾਲ ਪੁਰਖ ਦੇ ਦੱਸੇ ਹੋਏ ਗੁਰੂ ਮੰਤ੍ਰ **"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ"** ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਜੀ, ਪਰਮਾਤਮਾਂ ਦੇ ਗਯਾਨ ਨਮਿਤ ਸਾਰੇ ਸੰਸਾਰ ਵਿਚ ਮਹਾਨ ਕਸ਼ਟ ਉਠਾਕੇ ਉਸ ਸਮੇਂ ਦੀ ਮਸ਼ਹੂਰ ਦੁਨੀਆਂ ਵਿਚ ਕਰਦੇ ਰਹੇ ਅਤੇ ਉਸੇ ਪਰਮਾਤਮਾ ਦੇ ਮਿਲਣ ਦਾ ਰਸਤਾ, **"॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"** ਅਰਥਾਤ ਭਗਤੀ ਦੁਆਰਾ ਦਸਣ ਵਾਸਤੇ ਕੁਰਾਹੀਏ ਸਦਾਏ ਅਤੇ ਇਸੇ ਗੁਰ ਮੰਤ੍ਰ ਦੀ ਵਯਾਖਯਾ ਵਿਚ ਉਹਨਾਂ ਨੇ ੩੮ ਪਉੜੀਆਂ ਦੀ ਬਾਣੀ ਰਚੀ, ਜੋ ਅਜ ਕਲ **'ਜਪੁਜੀ'** ਦੇ ਨਾਮ ਪਰ ਪ੍ਰਸਿੱਧ ਹੈ ਅਤੇ ਜਿਨ੍ਹਾਂ ਪਉੜੀਆਂ ਨੂੰ ਪੜ੍ਹਕੇ ਅਜ ਕਲ ਦੇ ਸਾਇੰਸ ਜਾਨਣ ਵਾਲੇ ਬੀ ਆਖਣ ਲੱਗ ਜਾਂਦੇ ਹਨ ਕਿ ਇਨ੍ਹਾਂ ਵਿਚ ਪਰਮਾਤਮਾਂ ਦੀ ਸ੍ਰਿਸ਼ਟੀ ਅਤੇ ਉਸ ਦੇ ਕਾਨੂੰਨ-ਏ-ਕੁਦਰਤ ਦੇ ਉਹ ਮੁਇੰਮੇ ਭਰੇ ਪਏ ਹਨ ਜੋ ਮਾਮੂਲੀ ਇਨਸਾਨ, ਬਿਨਾਂ ਵਡੇ ਵਡੇ ਸਾਇੰਸ ਦੇ ਪੁਸਤਕਾਂ ਦੇ ਪੜ੍ਹਨ ਦੇ, ਸਮਝ ਨਹੀਂ ਸਕਦਾ, ਸਗੋਂ ਜਿਨ੍ਹਾਂ ਨੂੰ ਪੜ੍ਹਕੇ ਸਾਇੰਸਦਾਨ ਬੀ ਆਖਦਾ ਹੈ ਕਿ ਇਨ੍ਹਾਂ ਪਉੜੀਆਂ ਵਿਚ ਜੋ ਕੁਝ ਕਥਨ ਕੀਤਾ ਗਿਆ ਹੈ ਉਹ ਆਪਣੀ abstract ਹਾਲਤ ਵਿਚ ਮੇਰੇ ਅਨੁਕੂਲ ਹੈ, ਸਗੋਂ ਜਿਥੇ ਮੇਰੀ ਗੰਮਤਾ ਨਹੀਂ ਹੋਈ ਉਸ ਜਗ੍ਹਾ ਦੇ ਇਸ਼ਾਰੇ ਬੀ ਵਿਚ ਮੌਜੂਦ ਹੈਨ। ਮਤਲਬ ਇਹ ਹੈ ਕਿ ਇਸੇ ਗੁਰ ਮੰਤ੍ਰ ਦੇ ਪ੍ਰਚਾਰ ਵਾਸਤੇ ਉਹਨਾਂ ਨੇ ਹੋਰ ਬਾਣੀਆਂ ਬੀ ਰਚੀਆਂ, ਜੋ ਸਾਇੰਸ ਦੇ ਅਨੁਕੂਲ ਬੀ ਹਨ ਅਤੇ ਉਹਨਾਂ ਵਿਚ ਆਤਮਕ ਗਿਆਨ ਦੇ ਉਹ ਮੁਇੰਮੇ ਖੋਲ੍ਹੇ ਹਨ ਜਿਨ੍ਹਾਂ ਨੂੰ ਫ਼ਿਲਾਸਫ਼ੀ ਦੇ ਸਿਰ ਵਾਲੇ ਸਜਣ ਪੜ੍ਹਕੇ ਹੈਰਾਨ ਰਹਿ

ਜਾਂਦੇ ਹਨ। ਕਦੀ ਫੇਰ ਮੌਕਿਆ ਮਿਲਿਆ ਤਾਂ ਗੁਰੂ ਨਾਨਕ ਜੀ ਦੇ ਸ਼ਬਦਾਂ ਦਾ ਆਸ਼ਾ ਅਜ ਕਲ ਦੇ ਸਾਇੰਸ, ਫ਼ਿਲਾਸਫ਼ੀ, ਯੋਗ ਅਤੇ ਮੈਟੀਰੀਅਲਿਜ਼ਮ (Materialism) ਨਾਲ ਮੁਕਾਬਲਾ ਕਰਕੇ ਦਸਿਆ ਜਾਵੇਗਾ। ਅਤੇ ਇਸ ਸਮੇਂ ਦੇ ਅਨਮਤਾਂ ਦੇ ਸ੍ਰੇਸ਼ਟਾਚਾਰ Ethics ਨਾਲ ਬੀ ਇਸ ਦਾ ਮੁਕਾਬਲਾ ਕੀਤਾ ਜਾਵੇਗਾ, ਜਿਸ ਤੋਂ ਵਿਚਾਰਵਾਨ ਪਾਠਕਾਂ ਨੂੰ (ਪਰ ਕਈ ਸਜਨ ਸਾਥੋਂ ਬੀ ਚੰਗਾ ਹਾਲ ਇਸ ਦਾ ਅੱਗੇ ਹੀ ਜਾਣਦੇ ਹਨ) ਮਾਲੂਮ ਹੋ ਜਾਏਗਾ ਕਿ ਆਤਮਕ ਗਿਆਨ ਦੇ ਕੈਸੇ ਅਦਭੁਤ ਨਜ਼ਾਰੇ ਗੁਰੂ ਆਸ਼ੇ ਵਿਚ ਕੁੱਟ ਕੁੱਟ ਕੇ ਭਰੇ ਪਏ ਹਨ ਅਤੇ 'ਨਾਮ ਜਪਣ' ਦਾ ਜੋ ਮਸਲਾ ਲੋਕਾਂ ਇਕ ਰੁੱਖਾ ਅਤੇ ਬਾਰ ਬਾਰ ਕੰਨਾਂ ਨੂੰ ਖਾਣ ਵਾਲਾ ਸਮਝਿਆ ਹੋਯਾ ਹੈ ਉਸ ਵਿਚ ਕੀ ਕੀ ਕੁਝ ਅਮੁਲੇ ਮੋਤੀਆਂ ਦਾ ਅਥਾਹ ਸਮੁੰਦਰ ਹੈ, ਉਸ ਦਾ ਪਤਾ ਲਗ ਸਕੇਗਾ।*

ਹਾਲੇ ਇਤਨਾ ਹੀ ਕਹਿਣਾ ਕਾਫੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜੈਸੇ ਪਵਿੱਤ੍ਰ ਆਤਮਾ ਦੀ, ਕਿ ਜਿਨ੍ਹਾਂ ਨੇ ਮਾਇਆ ਨੂੰ ਤੁੱਛ ਜਾਣਕੇ, ਸਰਬੰਸ ਪਿਛੇ ਸੁਟ ਕੇ, ਉਸ ਦੁਖਦਾਈ ਸਮੇਂ ਵਿਚ ਵਡੇ ਵਡੇ ਚਾਰ ਸਫ਼ਰ ਕੀਤੇ ਅਤੇ ਉਹਨਾਂ ਸਫ਼ਰਾਂ ਵਿਚ ਅਨੇਕਾਂ ਮੁਸੀਬਤਾਂ ਉਠਾਈਆਂ, ਇਹ ਗਵਾਹੀ ਹੈ ਕਿ ਇਹ ਬਾਣੀ ਸਾਡੀ ਨਹੀਂ, ਜਿਸ ਈਸ਼੍ਵਰੀ ਗਿਆਨ ਦੇ ਪ੍ਰਚਾਰ ਵਿਚ ਅਸੀਂ ਫਿਰ ਰਹੇ ਹਾਂ ਸੋ ਸਾਡਾ ਨਹੀਂ, ਇਹ ਧੁਰ ਦਰਗਾਹ ਦਾ ਹੈ, ਅਕਾਲ ਪੁਰਖ ਦਾ ਦਸਿਆ ਹੋਇਆ ਹੈ। ਇਸੇ ਗਿਆਨ ਨੂੰ ਕਾਇਮ ਰੱਖਣ ਵਾਸਤੇ ਦੂਸਰੇ ਗੁਰੂ ਜੀ ਨੇ ਅੱਡਰੇ ਅੱਖਰ ਗੁਰਮੁਖੀ ਦੇ ਬਣਾਏ। ਇਸ ਈਸ਼੍ਵਰੀ ਗਿਆਨ ਦੇ ਫੈਲਾਉਣ ਵਾਸਤੇ ਤੀਜੇ, ਚੌਥੇ, ਪੰਜਵੇਂ

* ਨੋਟ:-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਫ਼ਿਲਾਸਫ਼ੀ ਦਾ ਬਾਕੀ ਧਰਮਾਂ ਨਾਲ ਮੁਕਾਬਲਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਬੜੇ ਵਿਸਥਾਰ ਨਾਲ "ਸੰਥਜਾ ਪੋਥੀਆਂ", "ਗੁਰੂ ਜੀਵਨੀਆਂ" ਤੇ "ਬਾਬਾ ਨੌਧ ਸਿੰਘ" ਆਦਿ ਪੁਸਤਕਾਂ ਵਿਚ ਕੀਤਾ ਹੈ। ਚਾਹਵਾਨ ਸੱਜਨ ਪੁਸਤਕਾਂ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਤੋਂ ਮੰਗਵਾ ਕੇ ਪੜ੍ਹ ਸਕਦੇ ਹਨ। -ਸੰਪਾਦਕ

ਅਤੇ ਨੌਵੇਂ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਜੀ ਦੇ ਆਸ਼ੇ ਨਾਲ ਰਲਦੀਆਂ ਮਿਲਦੀਆਂ ਬਾਣੀਆਂ ਰਚੀਆਂ। ਸਗੋਂ ਜੋ ਜੋ ਬਾਣੀਆਂ ਉਸ ਆਸ਼ੇ ਨੂੰ ਦੱਸਣ ਵਾਲੀਆਂ ਭਗਤਾਂ ਦੀਆਂ ਬਾਣੀਆਂ ਵਿਚ ਬੀ ਸਨ ਸੋ ਬੀ ਚੁਣਕੇ ਸਾਰੇ ਮਣਕੇ ਪਹਿਲਾਂ ਪੰਜਵੇਂ ਗੁਰੂ ਜੀ ਨੇ ਇਕੋ ਤਾਰ ਵਿਚ ਪ੍ਰੋ ਦਿਤੇ ਅਤੇ ਪਿਛੋਂ ਉਸੇ ਮਾਲਾ ਨੂੰ ਨੌਵੇਂ ਗੁਰੂ ਜੀ ਦੀ ਬਾਣੀ ਪਰੋਕੇ ਦਸਮ ਗੁਰੂ ਜੀ ਨੇ ਮੁਕੰਮਲ ਕੀਤਾ। ਭਗਤਾਂ ਦੀਆਂ ਬਾਣੀਆਂ ਭਾਵੇਂ ਪੁਰੋਈਆਂ ਗਈਆਂ ਸਨ ਪਰ ਕੇਵਲ ਉਤਨੀਆਂ ਹੀ ਜਿਤਨੀਆਂ ਗੁਰੂ ਆਸ਼ੇ ਨਾਲ ਮਿਲਦੀਆਂ ਸਨ। ਜੋ ਗੁਰੂ ਆਸ਼ੇ ਨਾਲ ਨਹੀਂ ਸਨ ਮਿਲਦੀਆਂ ਅਤੇ ਜੋ, ਉਹਨਾਂ ਭਗਤਾਂ ਦੀ ਉਸ ਅਵਸਥਾ ਦੀਆਂ ਸਨ ਜਦ ਉਹਨਾਂ ਨੂੰ ਪੂਰਣ ਗਿਆਨ ਨਹੀਂ ਸੀ ਸੋ ਛੱਡ ਦਿਤੀਆਂ ਗਈਆਂ ਸਨ। ਇਸੇ ਅਮੋਲਕ ਗਯਾਨ ਦਾ ਨਾਮ **'ਸ੍ਰੀ ਗੁਰੂ ਗ੍ਰੰਥ ਸਾਹਿਬ'** ਦਸਮ ਗੁਰੂ ਜੀ ਦੇ ਪਿਛੇ ਪ੍ਰਗਟ ਹੋਇਆ ਪਰ ਅਸਲ ਵਿਚ ਇਹ ਆਰੰਭ ਤੋਂ ਭੀ ਉਹਨਾਂ ਦੇ ਨਾਲ ਈ ਉਤਪੰਨ ਹੋਏ ਤੇ ਸਚੇ ਮਾਲੀ ਦੀ ਤਰ੍ਹਾਂ ਉਹਨਾਂ ਗੁਰੂ ਸਾਹਿਬਾਨ ਨੇ ਉਤਪੰਨ ਹੀ ਨਹੀਂ ਕੀਤੇ, ਸਗੋਂ ਆਪਣੀ ਦੇਹ ਦੀ ਵਾੜ ਅਤੇ ਪਵਿੱਤ੍ਰ ਖੂਨ ਦੇ ਪਾਣੀ ਨਾਲ ਇਨ੍ਹਾਂ ਨੂੰ ਬਚਾਕੇ ਰੱਖਿਆ ਸੀ ਅਤੇ ਪ੍ਰਫੁੱਲਤ ਕੀਤਾ ਸੀ, ਨਹੀਂ ਤਾਂ ਕੀ ਜ਼ਰੂਰਤ ਸੀ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਭਿਆਨਕ ਸਮੇਂ ਵਿਚ ਹਰਿਮੰਦਰ ਜੀ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਚਾਕੇ ਲੈ ਜਾਂਦੇ? ਆਪਣਾ ਮਾਲ ਅਸਬਾਬ ਸਭ ਤੁਰਕਾਂ ਦੇ ਹੱਥ ਲੁਟਾ ਦਿਤਾ, ਹਰਿਮੰਦਰ ਨੂੰ ਤੁਰਕਾਂ ਅੱਗ ਲਗਾ ਦਿਤੀ ਸੀ, ਗੁਰੂ ਜੀ ਦੇ ਮਹਿਲ ਲੁਟੇ ਗਏ ਸਨ, ਗੁਰੂ ਚੱਕ ਫੂਕਿਆ ਗਿਆ ਸੀ, ਗੱਲ ਕੀਹ ਆਪਣੀ ਸਾਰੀ ਜਦਾਦ (estate) ਗੁਆ ਦਿਤੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖਿਆ ਕਰਕੇ ਲੈ ਗਏ। ਕੀ ਸਾਬਤ ਨਹੀਂ ਹੁੰਦਾ ਕਿ ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ, ਇਸ ਨੂੰ ਆਤਮਾ ਸਮਝਦੇ ਸਨ, ਇਸੇ ਤਰ੍ਹਾਂ ਛੀਵੇਂ ਗੁਰੂ ਜੀ ਨੇ ਬੀ ਇਸ ਦੀ ਸੰਭਾਲ ਕੀਤੀ। ਫੇਰ ਸਤਵੇਂ ਗੁਰੂ ਜੀ ਨੇ ਕਿਹੜੀ ਘੱਟ ਘਾਲ ਘਾਲੀ ਸੀ? ਸਿਰਫ ਇਕ ਪਦ ਦੇ ਬਦਲਣ ਕਰਕੇ ਅਰ ਉਹ

ਪਦ ਬੀ ਰਾਮਰਾਇ ਨੇ ਔਰੰਗਜ਼ੇਬ ਜੈਸੇ ਜਾਬਰ ਸ਼ਹਿਨਸ਼ਾਹ ਦੇ ਸਮੇਂ ਅਤੇ ਉਸ ਦੀ ਹਜ਼ੂਰੀ ਵਿਚ, ਮਾਰੇ ਖ਼ੌਫ਼ ਦੇ, ਬਦਲਿਆ ਸੀ, ਉਸ ਨੂੰ (ਅਰਥਾਤ ਆਪਣੀਆਂ ਆਂਦਰਾਂ ਦੇ ਪਿਆਰੇ ਟੁਕੜੇ ਵਡੇ ਪੁਤ੍ਰ ਨੂੰ) ਘਰ ਤੋਂ ਬਾਹਰ ਕਰ ਦਿਤਾ, ਸਗੋਂ ਐਥੋਂ ਤਕ ਹੁਕਮ ਦਿਤਾ ਸੀ ਕਿ ਇਸ ਦਾ ਮੂੰਹ ਨਹੀਂ ਦੇਖਣਾ ਚਾਹੁੰਦੇ।

ਇਸੇ ਗੁਰਬਾਣੀ ਦੀ ਰਖਿਆ ਹਿਤ ਗੁਰੂ ਹਰਿਕ੍ਰਿਸ਼ਨ ਜੀ ਜੈਸੇ ਛੋਟੇ ਜਿਹੇ ਬਾਲਕ ਨੂੰ ਪਿਤਾ ਦੀ ਬਖਸ਼ੀ ਹੋਈ ਭਾਰੀ ਜ਼ਿੰਮੇਵਾਰੀ ਵਾਲੀ ਗੁਰਗੱਦੀ ਨੂੰ ਰਖਣਾ ਪਿਆ ਅਤੇ ਰਾਮਰਾਇ ਜੈਸੇ ਪ੍ਰਤਾਪੀ, ਸਰਕਾਰੀ ਔਰੰਗਜ਼ੇਬ ਦੇ ਦਰਬਾਰੀ ਅਤੇ ਵਡੇ ਰਸੂਖ ਵਾਲੇ ਭਰਾਤਾ ਦੇ ਮੁਕਾਬਲੇ ਪਰ ਉਹਨਾਂ ਦਿਨਾਂ ਵਿਚ ਦਿੱਲੀ ਜਾਣਾ ਪਿਆ, ਜਦ ਔਰੰਗਜ਼ੇਬ ਦੀ ਕਚਹਿਰੀ ਵਿਚ ਧਾਰਮਕ ਮੁਆਮਲਿਆਂ ਦਾ ਪੇਸ਼ ਹੋਣਾ ਅਤੇ ਉਹਨਾਂ ਦੀ ਪੈਰਵੀ ਕਰਨੀ ਮੁਕੱਦਮੇ ਬਾਜ਼ੀ (Litigation) ਨਹੀਂ ਸਦਾਉਂਦੀ ਸੀ। ਸਗੋਂ Persecution (ਸਤਾਏ ਜਾਣਾ) ਸਦਾਉਂਦੀ ਸੀ। ਜੋ ਕਦੀ ਉਸ ਦਰਬਾਰ ਵਿਚ ਜਾਣ ਲਈ ਕੋਈ ਸੁਖ ਹੁੰਦਾ ਤਾਂ ਅੱਠਵੇਂ ਗੁਰੂ ਜੀ ਅਕਾਲ ਪੁਰਖ ਅਗੇ ਐਹੋ ਜਿਹੀ ਬੇਨਤੀ ਨਾ ਕਰਦੇ ਕਿ ਹੇ ਅਕਾਲ ਪੁਰਖ ਜੇ ਤੇਰੀ ਮਰਜ਼ੀ ਹੋਵੇ ਤਾਂ ਐਸਾ ਕਰ ਜੋ ਔਰੰਗਜ਼ੇਬ ਦਾ ਮੂੰਹ ਨਾ ਦੇਖਾਂ। ਇਸੇ ਹੀ ਗੁਰਬਾਣੀ ਨੂੰ ਬਚਾਉਣ ਦੀ ਖ਼ਾਤਰ ਪੰਜਵੇਂ ਗੁਰੂ ਜੀ ਨੇ ਆਪਣੀ ਪਿਆਰੀ ਜਾਨ ਅਰਪਨ ਕੀਤੀ ਸੀ। ਜੇ ਉਹ ਮੁਹੰਮਦ ਸਾਹਿਬ ਦੇ ਹੱਕ ਵਿਚ ਥੋੜੀ ਜਿਹੀ ਤਾਰੀਫ਼ ਲਿਖ ਦੇਂਦੇ ਤਾਂ ਸ਼ਾਹੀ ਕਹਿਰ ਟਲ ਜਾਂਦਾ ਅਤੇ ਚੰਦੂ ਵਰਗੇ ਦੁਸ਼ਟ ਨੂੰ ਦੁਖ ਦੇਣ ਦਾ ਮੌਕਾ ਨਾ ਮਿਲਦਾ। ਅਤੇ ਇਸੇ ਤਰ੍ਹਾਂ ਜੇ ਨੌਵੇਂ ਗੁਰੂ ਜੀ ਦੀ ਵਾਹਿਦਾਨੀਅਤ ਦੇ ਮਸਲੇ ਨਾਲ, ਕਿ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਭਰਪੂਰ ਹੈ, ਰਸੂਲੀਅਤ ਦਾ ਅਸੂਲ ਵੀ ਕਬੂਲ ਕਰ ਲੈਂਦੇ, ਅਥਵਾ ਘੱਟ ਤੋਂ ਘੱਟ ਉਹਨਾਂ ਸੂਫ਼ੀਆਂ ਜਿਤਨਾ ਹੀ ਝੁਕ ਜਾਂਦੇ, ਜੋ ਕਦੀ ਤਾਂ ਹਜ਼ਰਤ ਮੁਹੰਮਦ ਦੀ ਰਸੂਲੀਅਤ ਨੂੰ ਮੰਨ ਲੈਂਦੇ ਹਨ ਤੇ ਕਦੀ ਉਸ ਤੋਂ ਸੁਤੰਤ੍ਰ ਹੋ ਬੈਠਦੇ ਹਨ, ਤਾਂ ਸੀਸ ਨਾ ਦੇਂਦੇ। ਇਸੇ ਤਰ੍ਹਾਂ ਦਸਮ ਗੁਰੂ

ਜੀ ਦੁਖ ਨਾ ਉਠਾਉਂਦੇ ਤੇ ਨਾ ਪਿਛੋਂ ਸਿਖਾਂ ਨੂੰ ਉਠਾਉਣਾ ਪੈਂਦਾ। ਪਰ ਨਾ ਤਾਂ ਗੁਰੂ ਜੀ ਅਤੇ ਨਾ ਉਹਨਾਂ ਦੇ ਸਿਦਕੀ ਸਿਖ ਹੀ ਪਾਲਿਸੀਬਾਜ਼ ਸਨ ਜੋ ਗਿਰਗਿਟ ਦੀ ਤਰ੍ਹਾਂ ਰੰਗ ਬਦਲਦੇ ਹਨ। ਜਿਸ ਤਰ੍ਹਾਂ ਗੁਰੂ ਜੀ ਵਿਸ਼ਵਾਸ ਦੇ ਪੱਕੇ ਸਨ, ਇਸੇ ਤਰ੍ਹਾਂ ਉਹਨਾਂ ਦੇ ਉਸ ਸਮੇਂ ਦੇ ਸਿਖ ਸਨ, ਜਿਸ ਕਰਕੇ ਸਾਡੇ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਸਲੀ ਦਸ਼ਾ ਵਿਚ ਪਹੁੰਚੇਹਨ। ਪਰ ਹਾਇ ਅਫਸੋਸ! ਨਿਹਾਇਤ ਅਫਸੋਸ!! ਸਗੋਂ ਅਫਸੋਸ ਹੀ ਅਫਸੋਸ ਹੈ ਕਿ ਹੁਣ ਦੇ ਸਮੇਂ ਵਿਚ ਅਮੋਲਕ ਵਸਤੂ ਦਾ ਬਿਗਾੜ ਆਰੰਭ ਹੋ ਗਿਆ ਹੈ। ਉਸ ਦੀ ਬਾਣੀ ਦਿਆਂ ਟੀਕਿਆਂ ਵਿਚ ਅਰਥਾਂ ਦੇ ਅਨਰਥ, ਤੇ ਉਹਨਾਂ ਅਨਰਥਾਂ ਨੂੰ ਕਾਇਮ ਰੱਖਣ ਵਾਸਤੇ ਨਵੀਨ ਉਥਾਨਕਾ ਦੇ ਪੁਸਤਕ ਰਚੇ ਜਾ ਰਹੇ ਹਨ। ਮਤਲਬ ਇਹ ਕਿ ਇਸ ਤਰ੍ਹਾਂ ਦੀ ਹਨੇਰ ਗਰਦੀ ਛਾ ਰਹੀ ਹੈ ਕਿ ਜਿਸ ਦਾ ਹੱਦ ਹਿਸਾਬ ਨਹੀਂ। ਪਰ ਇਹ ਕਿਉਂ ਹੋ ਰਿਹਾ ਹੈ? ਇਸ ਵਾਸਤੇ ਹੋ ਰਿਹਾ ਹੈ ਕਿ ਸਿਖੀ ਵਿਚ ਚੰਗੇ ਗ੍ਰੰਥੀ ਨਹੀਂ ਰਹੇ, ਜੋ ਸਿਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਵਲ ਪ੍ਰੇਰੀ ਰੱਖਣ। ਅਸੀਂ ਇਸ ਹਨੇਰ ਗਰਦੀ ਦਾ ਕੁਝ ਹੋਰ ਹਾਲ ਵਿਸਥਾਰ ਨਾਲ ਅਗੇ ਚੱਲਕੇ ਦੱਸਾਂਗੇ। ਸੋ ਮਿਤ੍ਰੋ, ਗ੍ਰੰਥੀ ਚੰਗੇ ਪੈਦਾ ਕਰੋ।

(ਖਾਲਸਾ ਸਮਾਚਾਰ, ੪ ਅਪ੍ਰੈਲ ੧੯੦੬ ਈ:)

੨.

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦ੍ਰਿਸ਼ ਪ੍ਰਭਾਵ

**ਆਪਣੇ** ਆਤਮਾ ਵਿੱਚ ਨਿਰੋਲ ਆਤਮ ਪਦ ਦੀਆਂ ਡੂੰਘਾਈਆਂ ਵਿਖੇ ਧੁਰ ਦੀ ਗੰਮਤਾ ਰੱਖਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਣਹਾਰ ਸਤਿਪੁਰਖਾਂ ਨੇ, ਹਾਂ, ਆਤਮ ਡੂੰਘਾਈਆਂ ਵਿਚ ਪਰਮਾਤਮ ਡੂੰਘਾਈਆਂ ਨਾਲ ਮਿਲੇ ਹੋਏ ਤੇ ਮਿਲੇ ਰਹਿਣ ਵਾਲੇ ਗੁਰੂ ਸਾਹਿਬਾਨ ਨੇ, ਹਾਂ, ਕਰਤਾਰ ਨਾਲ ਸਦਾ ਵਸਲ ਵਿੱਚ ਵੱਸਣ ਵਾਲੇ ਤੇ ਸ੍ਰਿਸ਼ਟੀ ਨੂੰ ਸਾਈਂ ਨਾਲ ਮੇਲਣ ਵਾਲੇ ਸਤਿਗੁਰਾਂ ਨੇ ਸਾਨੂੰ, ਜੋ ਅਸੀਂ ਨਿਰੇ ਬਾਹਰਲੇ ਦਿੱਸਣ ਵਾਲੇ ਸੰਸਾਰ ਦੇ ਜਾਣੂ ਤੇ ਇਸ ਦੇ ਰਸਾਂ ਕਸਾਂ ਦੀਆਂ ਮੱਛੀਆਂ ਬਣ ਰਹੇ ਹਾਂ, ਆਪਣੇ ਇਲਾਹੀ ਨਾਦ ਨਾਲ ਆਕੇ ਜਗਾਇਆ ਤੇ ਆਪਣੇ ਉਸ ਗਯਾਨ ਦਾ ਚਾਨਣਾ ਸਾਡੇ ਤੇ ਪਾਇਆ ਜਿਸ ਚਾਨਣ ਨੂੰ ਕਿ ਉਹ ਨਿਰਾ ਮੰਨਦੇ ਹੀ ਨਹੀਂ ਸਨ, ਸਗੋਂ ਜਿਸਦਾ ਉਨ੍ਹਾਂ ਨੂੰ ਜ਼ਾਤੀ ਤਜਰਬਾ ਸੀ ਅਰ ਜਿਸ ਵਿੱਚ ਓਹ ਸਦਾ ਵੱਸਦੇ ਸਨ। ਹਾਂ, ਉਨ੍ਹਾਂ ਦਾ ਉਹ ਆਤਮ ਡੂੰਘਾਣਾਂ ਵਿੱਚ ਪਰਮਾਤਮ ਡੂੰਘਾਣਾ ਦੇ ਮੇਲਿਆਂ ਦਾ ਆਨੰਦ ਉੱਥੋਂ ਇਕ ਪਰਤਵੀਂ ਲਹਿਰ ਲੈਕੇ ਉਨ੍ਹਾਂ ਨੂੰ ਇਕ ਹੋਰ ਤਜਰਬੇ ਵਿੱਚ ਪਾਕੇ ਉਸ ਤਜਰਬੇ ਵਿੱਚ ਇਕ ਹੋਰ ਆਨੰਦ ਤੇ ਇੱਕ ਉਮਾਹੂ ਪ੍ਰਤੀਤੀ ਦੇਂਦਾ ਸੀ, ਜਿਸ ਵਿੱਚ ਕਿ ਓਹ ਉਸ ਅੰਦਰੋਂ ਅੰਦਰਲੇ ਨਾਲ ਸਦਾ ਮਿਲੇ ਰਹਿਣ ਵਾਲੇ ਅਕਾਲ ਪੁਰਖ ਨੂੰ ਬਾਹਰਲੇ ਦਿੱਸਦੇ ਵੱਸਦੇ ਸੰਸਾਰ ਵਿੱਚ ਪ੍ਰਦੀਪਤ ਤੇ ਪਰਤੱਖ ਵੇਖਦੇ ਸਨ ਤੇ ਗੱਜ ਵੱਜ ਕੇ ਕਿਹਾ ਕਰਦੇ ਸਨ:-

**"ਬੇਦ ਕਤੇਬ ਸੰਸਾਰ ਹਭਾ ਹੂੰ ਬਾਹਿਰਾ**
**ਨਾਨਕ ਕਾ ਪਾਤਸਾਹੁ ਦਿਸੈ ਜਾਹਿਰਾ॥"**

{ਆਸਾ: ਮ: ੫, ਪੰਨਾ ੩੯੭}

ਹਾਂ, ਇਹ ਅਰੋਗ, ਨਵਾਂ ਨਰੋਆ, ਜੁਆਨੀ ਤੇ ਜੋਬਨ ਵਾਂਙੂ ਠਾਠਾਂ ਮਾਰਦਾ ਵਾਹਿਗੁਰੂ-ਦਰਸ਼ਨ ਦਾ ਲਗਾਤਾਰ ਝਾਕਾ, ਜੋ ਅੰਦਰ ਆਪੇ ਦੀਆਂ ਅਮਿਤ ਡੂੰਘਾਈਆਂ ਵਿਚ ਉਤਰ ਕੇ ਆਪੇ ਤੋਂ ਅਗੇਰੇ 'ਪਰਮ ਆਪੇ', ਦੇ ਸਦਾ ਮੇਲ ਵਿੱਚ ਰੱਖਣ ਵਾਲਾ ਇਕ ਅਮਲੀ ਤਜਰਬਾ ਸੀ, ਜੋ ਨੈਣ-ਮੁੰਦੀ ਸਮਾਧੀ ਵਿਚੋਂ ਕੱਢ ਕੇ ਨੈਣ-ਖੁਲੀ ਸਦਾ ਸਮਾਧੀ ਵਿਚ, ਸਦਾ-ਜਾਗ੍ਰਤ ਦੀ ਤਾਜ਼ਗੀ ਵਿਚ, ਸਦਾ-ਦਰਸ਼ਨ ਦੇਂਦਾ ਸਦਾ-ਉਮਾਹ ਵਿਚ ਰਖਦਾ ਸੀ, ਏਹੋ ਜੇਹੇ ਮਹਾਂ ਵਾਕ ਉਚਾਰਨ ਕਰਵਾਉਂਦਾ ਸੀ:

**"ਨਾਨਕ ਕਾ ਪਾਤਸਾਹੁ ਦਿਸੈ ਜਾਹਿਰਾ॥"**

ਜੋ ਤਜਰਬਾ, ਜੋ ਗਯਾਨ, ਜੋ ਪਰਤੱਖ ਦਰਸ਼ਨ ਆਪ ਨੂੰ ਅਜ਼ਲ ਤੋਂ ਤੇ ਇਸ ਤਰ੍ਹਾਂ ਸਦਾ ਪ੍ਰਾਪਤ ਸੀ, ਆਪ ਨੇ ਉਸ ਨੂੰ ਸੰਗੀਤਕ ਲਹਿਰਾਉ ਵਿੱਚ ਆ ਆਕੇ ਕਈ ਵੇਰ ਗਾਂਵਿਆ। ਉਨ੍ਹਾਂ ਦੇ ਗਾਉਣ ਦੀ ਸਰੋਦ-ਲਹਿਰ ਨੇ ਸੁਣਨ ਵਾਲਿਆਂ ਨੂੰ ਟੁੰਬਿਆ; ਸਰੀਰ ਤੇ ਸਰੀਰ ਦੇ ਸੁਆਦਾਂ ਤੋਂ ਉੱਚਾ ਕਰਕੇ ਵਿਸਮਾਦ-ਰਸ ਵਿੱਚ ਝੂੰਮਾਇਆ। ਹਾਂ ਓਹ ਝੂੰਮੇ ਤੇ ਮਾਰ ਗਏ ਗੋਤਾ ਅੰਦਰ ਨੂੰ, ਗਏ ਆਤਮ ਡੂੰਘਾਈਆਂ ਵਿਚ ਤੇ ਜਾ ਛੋਹੇ ਉਸ ਮੁਕਾਮ ਨੂੰ ਜਿੱਥੇ ਪਰਮਾਤਮ ਡੂੰਘਾਹੀਆਂ ਦੇ ਚੱਕਰ ਆਤਮ ਡੂੰਘਾਈ ਨਾਲ ਛੁਹ ਰਹੇ, ਲਗ ਰਹੇ, ਵੱਜ ਰਹੇ, ਇਕ ਦੂਏ ਨੂੰ ਵੇਧ ਰਹੇ, ਇਕ ਹੋ ਰਹੇ, ਫਿਰ ਰਸ ਦੇ ਰਹੇ, ਉਮਾਹ ਭਰ ਰਹੇ, ਉਮਾਹ ਨਾਲ ਉਛਾਲ ਕੇ ਫੇਰ ਉੱਪਰ ਨੂੰ ਸੱਟ ਰਹੇ ਤੇ ਨੈਣ ਖੁਹਲ ਕੇ ਦਿੱਸਦੇ ਵੱਸਦੇ ਵਿਚੋਂ, ਹਾਂ 'ਦਿੱਸਦੇ' ਦੇ ਉਸ ਪਰਦੇ ਵਿਚੋਂ, ਜਿਸਨੂੰ ਸੁੰਦ੍ਰਤਾ ਕਹਿੰਦੇ ਹਨ, 'ਸੁੰਦਰ' ਦੇ ਪਰਤੱਖ ਦਰਸ਼ਨਾਂ ਵਿਚ ਵਗਾਹ ਰਹੇ ਹਨ। ਹਾਂ, ਫੇਰ ਓਹ ਸੁਣਨਹਾਰ ਬੀ ਸਤਿਗੁਰਾਂ ਦੇ ਓਸ ਸੰਗੀਤ ਨੂੰ ਸੁਣਕੇ ਸਤਿਗੁਰ ਜੀ ਦੇ ਉਚਾਰੇ ਵਾਕਾਂ ਨੂੰ ਗਾ ਉੱਠੇ:-

**"ਸੋ ਅੰਤਰਿ ਸੋ ਬਾਹਰਿ ਅਨੰਤ॥**
**ਘਟਿ ਘਟਿ ਬਿਆਪਿ ਰਹਿਆ ਭਗਵੰਤ॥"**

{ਗਉੜੀ ਸੁਖਮਨੀ ਮ: ੫ ਪੰਨਾ: ੨੯੩}

ਹਾਂ, ਐਉਂ ਉਤਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਤੋਂ ਗੁਰੂ ਹ੍ਰਿਦੇ ਵਿੱਚ ਤੇ ਗੁਰੂ ਹ੍ਰਿਦੇ ਤੋਂ ਉਪਕਾਰੀ ਹੋਇਆ ਸਿਖ ਮਨ-ਮੰਡਲਾਂ ਤੇ।

ਕਦੇ ਕਦੇ ਦਿੱਸਣ ਵਾਲੇ ਜਗਤ ਦੀਆਂ ਹੱਦਾਂ ਦੇ ਅੰਦਰ ਅੰਦਰ ਨਜ਼ਰ ਰੱਖਣ ਵਾਲੇ ਲੋਕਾਂ ਨੇ, ਜਿਨ੍ਹਾਂ ਦੀ ਨਜ਼ਰ ਉਚਾਣ ਡੂੰਘਾਣ ਵਲ ਨਹੀਂ ਸੀ ਉੱਠਦੀ, ਸਤਿਗੁਰਾਂ ਪਾਸ ਆਕੇ ਪ੍ਰਸ਼ਨ ਕੀਤੇ, ਯਾ ਮਨ ਦੀਆਂ ਮੁਸ਼ਕਲਾਂ ਪੁੱਛੀਆਂ, ਆਪਣੇ ਦੁੱਖ ਕਹੇ, ਦਾਰੂ ਮੰਗੇ, ਤਾਂ ਦਾਤਾ ਗੁਰੂ ਜੀ ਪਹਿਲਾਂ ਉੱਚੀਆਂ ਸਮਝੌਤੀਆਂ ਨਾਲ ਉਨ੍ਹਾਂ ਦੇ ਮਨਾਂ ਨੂੰ ਸੋਝੀ ਦੇਂਦੇ ਰਹੇ, ਆਤਮ ਗੱਲਾਂ ਸੌਖੀਆਂ ਸੌਖੀਆਂ ਕਰਕੇ ਸਮਝਾਉਂਦੇ ਰਹੇ। ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਦੇ ਕਾਰਣ ਜੋਰ ਲਾਉਂਦਿਆਂ ਬੀ ਪੰਘਰਨੋਂ ਅੜ ਖੜੋਤੇ ਤਾਂ ਰੰਗ-ਰੱਤੜੇ ਦਾਤਾ ਗੁਰੂ ਜੀ ਨੇ ਅਪਨੇ ਅੰਦਰ ਦੀਆਂ ਡੂਘਾਈਆਂ ਵਿੱਚ ਗੋਤਾ ਲਾਇਆ ਅਤੇ ਰਤਨਾਂ, ਜ੍ਵਾਹਰਾਂ ਮੋਤੀਆਂ ਨਾਲ ਡੁਲ ਡੁਲ ਪੈਂਦੇ, ਅਰਸ਼ੀ ਸੁੰਦ੍ਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਦਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਿਆ ਤੇ ਸੰਗੀਤਕ ਲਹਿਰ ਵਿੱਚ ਆਕੇ ਉਨ੍ਹਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ, ਉਸ ਸੰਗੀਤਕ ਲਹਿਰਾਉ ਦੀ ਛੁਹ ਨਾਲ ਉਹ 'ਨਾ-ਪੰਘਰੇ-ਮਨ' ਦ੍ਰੁੱਵ ਕੇ ਵਹਿ ਤੁਰੇ ਤੇ ਵਹਿਕੇ ਜਾ ਮਿਲੇ -

**"ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।"**

{ਸਲੋਕ ਕਬੀਰ ਜੀ-੧੭੭, ਪੰਨਾ: ੧੩੭੪}

ਹਾਂ, ਪੰਘਰੇ ਮਨ ਪਵਨ ਰੂਪ ਹੋ ਉੱਡੇ, ਤਰਲ ਹੋ ਗਏ, ਚਲੇ ਗਏ ਅਕਾਸ਼ਾਂ ਦੀਆਂ ਡੂੰਘਾਈਆਂ ਵਿਚ ਤੇ ਜਾ ਮਿਲੇ-

**"ਜਹਿ ਅਬਿਗਤੁ ਭਗਤੁ ਤਹਿ ਆਪਿ॥"**

{ਗਉੜੀ ਸੁਖਮਨੀ ਮ: ੫, ਪੰਨਾ ੨੯੨}

ਹਾਂ ਐਉਂ ਬੀ ਉਤਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਸੋਮੇ ਅਤੇ ਜੀਵਨ ਤੇ ਗਯਾਨ ਸਰੂਪ ਵਾਹਿਗੁਰੂ ਚਸ਼ਮੇ ਤੋਂ ਗੁਰੂ ਹ੍ਰਿਦੇ ਪੁਰ ਤੇ

ਗੁਰੂ ਮੁਖਾਰਬਿੰਦ ਤੋਂ ਨਿਰੋਲ ਨਿਰਮਲ ਸੋਤ ਵਾਂਗੂ ਜਿਉਂ ਕਾ ਤਿਉਂ ਆਇਆ ਅਸਾਂ ਪਾਸ।

ਕਦੇ ਦਾਤਾ ਸਤਿਗੁਰਾਂ ਨਾਲ ਬਹਸਾਂ ਲਾਈਆਂ ਈਰਾਖਾਲੂਆਂ ਨੇ, ਕਦੇ ਈਰਖਾ ਵਾਲਿਆਂ ਨੂੰ ਆਪ ਟੁੰਬ ਜਗਾਇਆ ਦਾਤਾ ਗੁਰੂ ਨੇ ਮੇਹਰਾਂ ਦੇ ਘਰ ਆਕੇ, ਓਥੇ ਹੋਏ ਸੁਬਾਹਿਸੇ, ਛਿੜੀਆਂ ਚਰਚਾਂ। ਦਲੀਲ ਤੇ ਯੁਕਤੀ ਨਾਲ ਬਹਸਦੇ ਲੋਕ ਰੁਕੇ, ਅਟਕੇ ਤੇ ਆਪਣੇ ਡਿੱਠੇ ਉਨ੍ਹਾਂ ਨੇ ਘਾਟੇ, ਸੋਚੀ ਪੈ ਗਏ। ਦਾਤਿਆਂ ਦੇ ਦੱਸੇ-ਪਿਆਰਾਂ ਨਾਲ ਦੱਸੇ, ਉਨ੍ਹਾਂ ਦੇ ਭਲੇ ਲਈ ਦੱਸੇ-ਸੱਚ ਉਨ੍ਹਾਂ ਤੇ ਪ੍ਰਗਟੇ, ਕਈ ਤਾਂ ਏਥੇ ਕੁ ਹਾਰ ਗਏ ਪਰ ਕਈ ਮਨ ਦੀ ਸ਼ਰਮ ਕਰਕੇ ਸੱਚ ਨੂੰ ਵੇਖਦੇ ਹੋਏ ਬੀ ਮੰਨਣੋਂ ਅੱਟਕ ਖਲੇ ਹੋਏ। ਤਦ ਅਨੰਤ ਰਹਿਮ, ਅਮਿਤ ਦਾਯਾ ਜੋ ਵੱਸਦੀ ਸੀ ਸਤਿਗੁਰਾਂ ਦੇ ਅੰਦਰ ਲਹਿ ਗਈ ਆਪਣੀਆਂ ਡੂੰਘਾਈਆਂ ਵਿੱਚ ਤੇ ਪਰਮਾਤਮਾਂ ਦੀਆਂ ਡੂੰਘਾਈਆਂ ਵਿਚ, ਤੇ ਉੱਥੇ ਅਮਿਤ ਵੇਗ ਨਾਲ ਚਲ ਰਹੇ ਜੀਵਨ ਚੱਕ੍ਰਾਂ ਵਿੱਚੋਂ ਲੈ ਆਈ ਕੋਈ ਦਾਤ। ਹਾਂ ਉਹ ਦਾਤ ਪ੍ਰਗਟੀ, ਲਹਿਰੀ ਸੰਗੀਤਕ ਥ੍ਰੱਰਾਟ ਵਿੱਚ ਅਤੇ ਨਾਦ ਹੋਇਆ ਪਿਅਰੇ ਸਤਿਗੁਰ ਗਲੇ ਤੋਂ। ਸੁਣਨ ਵਾਲੇ, ਬਹਿਸਾਂ ਕਰਨ ਵਾਲੇ ਲਰਜ਼ ਉੱਠੇ, ਸੁਰ ਹੋਈ ਤਰਬ ਵਾਂਗੂ ਕੰਬ ਪਏ, ਉਸੇ ਸੰਗੀਤ ਵਿੱਚ ਰੰਗੇ ਗਏ। ਰੰਗੇ ਗਏ ਜਾਂ ਇਉਂ ਕਹੋ ਕਿ ਜੀਉ ਉੱਠੇ ਉਸ ਜੀਵਨ ਵਿਚ ਜੋ ਸਾਈਂ ਨਾਲ ਇਕਸੂਰ ਹੋਇਆਂ ਪ੍ਰਾਪਤ ਹੁੰਦਾ ਹੈ। ਦਾਤੇ ਸਤਿਗੁਰਾਂ ਨੇ ਐਸਿਆਂ ਨਾਲ ਹੋਈਆਂ ਬਹਿਸਾਂ, ਆਪਣੇ ਆਤਮ ਰਸ ਵਿੱਚ ਬਹਿਕੇ ਆਪਣੇ ਕਾਵਯਰਸ ਤੇ ਸੰਗੀਤਰਸ ਦੇ ਬਾਰੇ ਵਿੱਚੋਂ ਖਿੱਚ ਕੇ, ਸੁਹਣੀਆਂ ਸੱਚੀਆਂ ਤੇ ਅਰਸੀ ਗਯਾਨ ਨਾਲ ਰੌਸ਼ਨ ਲਿਖੀਆਂ ਜਾਂ ਲਿਖਵਾਈਆਂ। ਫਿਰ ਐਉਂ ਬੀ ਉਤਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਰਸ਼ਾਂ ਤੋਂ ਅਸਾਡੇ ਕਲਯਾਨ ਲਈ।

ਜਦੋਂ "ਗੁਰੂ"-ਵਾਹਿਗੁਰੂ ਜੀ ਦਾ ਸਿਖਯਾਦਾਤਾ ਜੀਅਦਾਨ ਦਾਤਾ, ਉਬਾਰਨ ਹਾਰ ਬਿਰਦ-ਆਦ੍ਰਿਸਟ ਮੰਡਲਾਂ ਵਿੱਚ ਸੀ, ਜਿਸਨੂੰ ਜਗਤ ਪਰ ਆਇਆਂ ਅਸਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਆਖਿਆ, ਉਹ

ਅਜ਼ਲੀ ਗੁਰੂ ਆਪਣੀ ਰੋਸ਼ਨੀ ਵਿਚ ਟੋਰਦਾ ਰਿਹਾ ਮਹਾਨ ਪੁਰਖਾਂ ਨੂੰ ਤੇ ਉਨ੍ਹਾਂ ਪਰ ਉਤਾਰਦਾ ਰਹਾ ਬਾਣੀ। ਜਿਸ ਬਾਣੀ ਬਾਬਤ ਵਾਕ ਹੈ:

**"ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥"**

{ਸ੍ਰੀ ਰਾਗ ਮ: ੩, ਪੰਨਾ ੬੭}

ਉਨ੍ਹਾਂ ਦੀ ਬਾਣੀ ਵਿੱਚੋਂ ਉਹ ਬਾਣੀ ਜੋ ਧੁਰੋਂ ਉਨ੍ਹਾਂ ਪਰ ਅਜ਼ਲੀ ਗੁਰੂ ਉਤਾਰਦਾ ਰਿਹਾ, ਸੋ ਬਾਣੀ ਬੀ ਆਈ ਗੁਰੂ ਗ੍ਰੰਥ ਜੀ ਵਿੱਚ, ਐਉਂ ਕਿ ਜਦੋਂ ਸਾਰੀ ਬਾਣੀ ਉਸ ਅਜ਼ਲੀ ਗੁਰੂ ਜਯੋਤੀ ਨੇ ਕੱਠੀ ਕੀਤੀ ਤਾਂ ਉਨ੍ਹਾਂ ਦੀ ਉਚਾਰੀ ਬਾਣੀ ਬੀ ਲਈ, ਪਰਖੀ, ਚੁਣੀ ਤੇ ਚਾੜ੍ਹੀ, ਤੇ ਆਤਮ ਮੰਜ਼ਲਾਂ ਦੀਆਂ ਮੁਸ਼ਕਲਾਂ ਤੇ ਉਨ੍ਹਾਂ ਮੁਸ਼ਕਲਾਂ ਦੇ ਹੱਲ ਕਰਨ ਵਿੱਚ ਜੋ ਤਜਰਬੇ, ਅੰਧਕਾਰ ਤੋਂ ਪ੍ਰਕਾਸ਼ ਤਕ ਅਪੜਦਿਆਂ, ਹੁੰਦੇ ਹਨ, ਉਨ੍ਹਾਂ ਦੇ ਹਾਲ ਬੀ ਰਹਿਣ ਦਿੱਤੇ ਤੇ ਕਿਤੇ ਕਿਤੇ ਉਨ੍ਹਾਂ ਦੇ ਰਤਾ ਰਤਾ ਉੱਕਣ ਵਾਲੇ ਟਿਕਾਣੇ ਆਪਣੀ ਟਿੱਪਣੀ ਦੀ ਤੁਕ ਪਾਕੇ ਬੀ ਸਾਡੀ ਰਹਬਰੀ ਲਈ ਰੱਖ ਲਏ। ਸੋ ਐਕੁਰਾਂ ਤੇ ਐਕੁਰਾਂ ਦੇ ਹੀ ਹੋਰ ਰੰਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਉ ਉਤਰਦੇ ਰਹੇ ਤੇ ਪੰਜਵੇਂ ਜਾਮੇ ਮਿਹਰਾਂ ਵਾਲੇ ਨੇ ਸਾਰੀ ਬਾਣੀ ਕੱਠੀ ਕਰਕੇ ਇਸ ਸਰਗੁਣ ਸ਼ਬਦ-ਬ੍ਰਹਮ ਨੂੰ ਇਕ ਬੀੜ ਵਿਚ ਸਾਕਾਰ ਰੂਪ ਵਿਚ, 'ਸਮੱਗ੍ਰ ਰੂਪ' ਧਾਰੀ ਕਰ ਦਿੱਤਾ। ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾਂ ਪ੍ਰਮਾਤਮ ਮੰਡਲਾਂ ਤੋਂ ਗਯਾਨ ਦਾ ਰੂਪ ਲੈਕੇ ਨਿਰਮਲ ਨਿਰੋਲ ਗੁਰੂ-ਹ੍ਰਿਦੇ ਵਿਚ ਪ੍ਰਕਾਸ਼ਿਤ ਹੋਏ ਤੇ ਓਥੋਂ ਮਹਾਨ ਉਚ-ਕਾਵਯ ਤੇ ਅਰਸ਼ੀ ਸੰਗੀਤ ਲਹਿਰਾਉ ਵਾਲੀ ਬੋਲੀ ਵਿਚ ਰੂਪਧਾਰੀ ਹੋ ਕਰਕੇ ਬਾਣੀ ਰੂਪ ਹੋ ਪ੍ਰਗਟੇ। ਤੇ ਉਸੇ ਸੰਗੀਤਕ ਰੰਗ ਦੀ ਤਰਤੀਬ ਵਿਚ ਦਾਤਾ ਗੁਰੂ ਜੀ ਨੇ ਉਸ ਇਲਾਹੀ ਗਯਾਨ ਨੂੰ 'ਸਬਦ ਬ੍ਰਹਮ' ਦੇ ਸਰਗੁਣ ਸਰੂਪ ਤੋਂ ਸਾਕਾਰ ਰੂਪ ਦੇਂਦਿਆਂ ਮੂਰਤੀਮਾਨ ਕੀਤਾ।

ਇਨਸਾਨ ਦੇ ਇਸ ਸਰੀਰ ਵਿੱਚ ਸਾਰੇ ਰਸਾਂ ਤੋਂ ਉੱਚਾ ਰਸ ਸੰਗੀਤ ਹੈ, ਅਤੇ ਸਾਰੇ ਸਥੂਲ ਰਸਾਂ ਤੋਂ ਵੈਰਾਗਵਾਨ ਕਰਕੇ ਉਚਿਆਂ ਕਰਕੇ ਵਿਸਮਾਦ ਵਿੱਚ ਲੈ ਜਾਣ ਵਾਲਾ ਵੀ ਸੰਗੀਤ ਹੈ। ਵਿਸਮਾਦ ਰਸ,

ਉਨ੍ਹਾਂ ਰਸਾਂ ਤੋਂ ਉੱਚਾ ਰਸ ਹੈ ਜੋ ਸਾਡੇ ਵਿੱਚ ਨਿਰੇ ਸਰੀਰਕ ਰਸ ਹਨ। ਇਹ ਇਨ੍ਹਾਂ ਰਸਾਂ ਤੋਂ ਉੱਚਾ ਰਸ ਕਿਸੇ ਅਕਹ ਸੁੰਦਰਤਾ ਦੇ ਅਚਾਨਕ ਝਲਕੇ ਵੱਜਣ ਤੋਂ ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਦੇ ਊਰਧਗਾਮੀ ਹੋ ਜਾਣ ਤੋਂ ਅਥਵਾ ਸੰਗੀਤ ਆਦਿ ਦੇ ਪ੍ਰਭਾਉ ਤੋਂ ਉਪਜਦਾ ਹੈ।

**"ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥੨੪॥"**

{ਸਲੋਕ ਮ: ੪ ਸਲੋਕ ਵਾਰਾਂ ਤੋਂ ਵਧੀਕ, ਪੰਨਾ: ੧੪੨੩}

ਵਿਸਮਾਦ ਤੋਂ ਅਗੇਰੇ ਆਤਮ ਰਸ ਤੇ ਪ੍ਰਮਾਤਮ ਮੇਲ ਦਾ ਰਸ ਹੈ। ਇਸ ਕਰਕੇ ਸੰਗੀਤ ਸਤਿਗੁਰਾਂ ਨੇ ਵਰਤਿਆ ਬਦਰੱਕਾ 'ਹਰੀਜਸ' ਦਾ ਤੇ 'ਹਰੀਜਸ' ਬਾਬਤ ਫੁਰਮਾਇਆ:

**"ਜਿਸਨੋ ਬਖਸੇ ਸਿਫਤਿ ਸਾਲਾਹ।**
**ਨਾਨਕ ਪਾਤਿਸਾਹੀ ਪਾਤਿਸਾਹੁ॥"**

{ਜਪੁਜੀ ਮ: ੧/੨੫, ਪੰਨਾ: ੫}

ਹੁਣ 'ਸੰਗੀਤ' ਤੇ. 'ਹਰੀਜਸ' ਰਲ ਕੇ ਕੀਹ ਸ਼ੈ ਬਣ ਗਈ? 'ਹਰੀ ਕੀਰਤਨ' ਹਰੀ ਕੀਰਤਨ ਬਾਬਤ ਆਪ ਨੇ ਫੁਰਮਾਇਆ:

**"ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥"**

{ਰਾਮਕਲੀ ਮ: ੫, ਪੰਨਾ ੮੯੩}

ਸਤਿਗੁਰ ਆਰਾਮ ਦਾ ਪ੍ਰਯੋਜਨ ਤੇ ਸ੍ਰੀ ਗੁਰੂ ਗ੍ਰੰਥ ਰੂਪ ਵਿੱਚ ਵਾਹਿਗੁਰੂ ਬਖਸ਼ੇ ਗੁਰੂ ਦੁਆਰਾ ਆਏ ਗਯਾਨ ਦੀ ਸੰਭਾਲ ਇੱਸੇ ਪ੍ਰਯੋਜਨ ਲਈ ਹੈ ਕਿ ਸਾਨੂੰ **'ਕੀਰਤਨ ਨਿਰਮੋਲਕ ਹੀਰਾ'** ਮਿਲੇ ਤੇ ਸਾਡਾ ਉਧਾਰ ਹੋਵੇ। ਇਸ ਕਰਕੇ ਪੰਚਮ ਪਾਤਸ਼ਾਹ ਜੀ ਨੇ ਸੰਗੀਤ ਦੀ ਹੀ ਕਿਸੇ ਵਿਉਂਤ ਵਿੱਚ ਰੂਪਮਾਨ ਕੀਤਾ ਸਿਫਤ ਸਲਾਹ ਤੇ ਵਾਹਿਗੁਰੂ ਦੇ ਬਖਸ਼ੇ ਸ਼ਬਦ ਨੂੰ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ।**

{ਪੰਚਬਟੀ ਸੰਦੇਸ਼, ੧ ਅਪ੍ਰੈਲ-੩੦ ਜੂਨ, ੨੦੦੭}

## ੩.

# ਸ੍ਰੀ ਗੁਰੂ ਗ੍ਰੰਥ ਸਾਹਿਬ-ਵਲਵਲੇ।

## (ੳ)

**ਨੋਟ:**- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵ੍ਯਾਖਯਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸੱਤ ਪੋਥੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੬੦੭ ਤਕ ਕੀਤੀ ਹੈ। ਇਸ ਦੀ ਭੂਮਿਕਾ ਉਨ੍ਹਾਂ ਦੇ ਭਰਾਤਾ ਡਾ. ਬਲਬੀਰ ਸਿੰਘ ਜੀ ਨੇ ਲਿਖੀ ਹੈ। ਉਹ ਲਿਖਦੇ ਹਨ ਕਿ ਇਸ ਸੰਥਯਾ ਦੀ ਉਹਨਾਂ (ਭਾਈ ਵੀਰ ਸਿੰਘ ਜੀ ਨੇ) ਭੂਮਿਕਾ ਅਜੇ ਲਿਖਣੀ ਸੀ। ਉਹਨਾਂ ਦਾ ਖਿਆਲ ਸੀ ਜਦ ਸਾਰੀ ਚੀਜ਼ ਛਪ ਜਾਵੇਗੀ ਤਾਂ ਭੂਮਿਕਾ ਅਖੀਰ ਉਤੇ ਤਿਆਰ ਕਰਾਂਗੇ। ਅੱਗੇ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੇ ਸੰਪਾਦਨ ਵੇਲੇ ਵੀ ਉਹਨਾਂ ਇਸੇ ਤਰ੍ਹਾਂ ਹੀ ਕੀਤਾ ਸੀ। ਉਸ ਦੀ ਪ੍ਰਸਤਾਵਨਾ ਵੀ ਗ੍ਰੰਥ ਸੰਪੂਰਣ ਹੋਣ ਉਤੇ ਹੀ ਲਿਖੀ ਤੇ ਛਾਪੀ ਗਈ ਸੀ। ਪਰ ਸੰਥਯਾ ਦੀ ਭੂਮਿਕਾ ਲਈ ਕੁਛ ਖਿਆਲ, ਜੋ ਉਹਨਾਂ ਨੂੰ ਫੁਰੇ ਸਨ, ਉਹਨਾਂ ਲਿਖ ਲਿਖਵਾ ਲਏ ਸਨ। ਉਹ ਇਕ ਨੋਟ ਦੀ ਸ਼ਕਲ ਵਿਚ ਸਨ ਨੋਟ ਇਹ ਸੀ:-

"ਇਸ ਪੁਸਤਕ ਦਾ ਨਾਮ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਿਉਂ ਹੈ?

ਇਸ ਦਾ ਨਾਮ ਕੋਈ ਵਡੇਰਾ ਹੋਣਾ ਚਾਹੀਦਾ ਸੀ! ਇਸ ਵਿਚ ਜੋ ਮੂਲ ਹੈ ਉਹ ਤਾਂ ਵਡੇ ਤੋਂ ਵੱਡੀ ਵਸਤੂ ਹੈ, ਉਹ ਧੁਰ ਕੀ ਬਾਣੀ ਹੈ, ਜੋ ਧੁਰੋਂ ਆਈ ਹੈ, ਜੋ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰਕੇ ਆਪ ਅਗਾਧ ਹੈ, ਪਰ ਇਸ ਦੇ ਅਰਥ ਤੇ ਭਾਵ ਆਦਿਕ, ਜੋ ਇਸ ਵਿਚ ਲਿਖੇ ਗਏ ਹਨ, ਉਹ ਇਕ ਅਲਪੱਗ ਜੀਵ ਦਾ ਪ੍ਰਯਤਨ ਹੈ, ਇਸਨੂੰ ਸਮਝਣ ਦਾ; ਤੇ ਜਿੱਥੋਂ ਤਕ ਇਸੇ ਬਾਣੀ ਦੀ ਸਹਾਇਤਾ ਨਾਲ ਇਸ ਦੀ ਵੱਧ ਤੋਂ ਵੱਧ ਸਮਝ ਆ ਸਕੇ ਓਹ ਇਸੇ (ਗੁਰੂ ਗ੍ਰੰਥ ਸਾਹਿਬ ਜੀ) ਦੇ ਚਰਨਾਂ ਵਿਚ ਬੈਠਕੇ ਇਸ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕਰਕੇ ਇਹ ਇਕ ਤਰ੍ਹਾਂ ਸੰਥਯਾ ਹੈ ਜੋ ਬਾਣੀ ਦੀ ਸ਼ਰਣ ਲਿਆਂ ਵਿਦ੍ਯਾਰਥੀ ਵਾਂਙੂ ਮਿਲੀ ਹੈ, ਇਹ ਮੁਤਾਲਿਆ ਹੈ ਗੁਰਬਾਣੀ ਦੀ, ਤੇ ਕਰਨ ਵਾਲੇ ਦੀ ਅਲਪੱਗਤਾ ਦੇ ਕਾਰਣ ਕੋਈ ਅਭੁੱਲਤਾ ਦਾ ਦਾਵਾ ਨਹੀਂ:-

**"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥"**

{ਸਿਰੀ: ਮ: ੧-੧੨, ਪੰਨਾ ੬੧}


ਹੋ ਸਕਦਾ ਹੈ ਕਿ ਇਸ ਪ੍ਰਯਤਨ ਤੋਂ ਜਗਜਾਸੂਆਂ ਯਾ ਵਿਦਜਾਰਥੀਆਂ ਨੂੰ ਗੁਰਬਾਣੀ ਦੀ ਵਿਚਾਰ ਵਿਚ ਕੁਛ ਸਹਾਹਿਤਾ ਮਿਲੇ। ਦੂਸਰਾ ਹੋ ਸਕਦਾ ਹੈ ਕਿ ਜੇ ਅਗੋਂ ਨੂੰ, ਜੋ ਵਡੇ ਦਾਨੇ ਇਸ ਸਮੁੰਦਰ ਰੂਪ ਬਾਣੀ ਦੇ ਮਰਜੀਉੜੇ ਬਣਨਾ ਚਾਹੁਣ, ਉਹਨਾਂ ਨੂੰ ਪਹਿਲਾ ਕੰਮ ਕੀਤਾ ਕਰਾਇਆ ਮਿਲ ਜਾਵੇ, ਤੇ ਓਹ ਇਸ ਤੋਂ ਅੱਗੇ ਹੋਰ ਡੂੰਘੇ ਜਾਣ, ਤੇ ਓਥੋਂ ਅਮੋਲਕ ਤੋਂ ਅਮੋਲਕ ਮੋਤੀ ਲੱਭਕੇ ਲਿਆਉਣ ਤੇ ਉਹਨਾਂ ਦਾਨਿਆਂ ਨੂੰ ਪਹਿਲੀ ਮਿਹਨਤ ਬਚ ਜਾਵੇ।

'ਜਪੁ ਨੀਸਾਣੁ' ਜਿਸ ਦਾ ਪ੍ਰਸਿੱਧ ਨਾਮ 'ਜਪੁਜੀ ਸਾਹਿਬ' ਹੈ, ਇਕ ਤਰ੍ਹਾਂ ਮੰਤ੍ਰ ਰੂਪ ਹੈ, ਇਸ ਦੀ ਵਜਾਖਜਾ ਬੜੇ ਵਿਸਥਾਰ ਨਾਲ ਹੋਣੀ ਜ਼ਰੂਰੀ ਹੈ। ਇਸ ਬਾਣੀ ਨੂੰ ਘੋਖਕੇ ਸਮਝ ਲਿਆਂ ਅਗਲੀਆਂ ਬਾਣੀਆਂ ਦੇ ਸਮਝਣ ਵਿਚ ਬੜੀ ਸਹਾਇਤਾ ਮਿਲਦੀ ਹੈ। ਇਸ ਕਰਕੇ ਇਸ ਪੁਸਤਕ ਵਿਚ ਜਪੁਜੀ ਸਾਹਿਬ ਦੇ ਅਰਥ ਤੇ ਵਜਾਖਜਾ ਆਦਿਕ ਵਿਸਥਾਰ ਨਾਲ ਦਿੱਤੇ ਗਏ ਹਨ। ਫੇਰ '੧ੳ' ਤੋਂ 'ਗੁਰਪ੍ਰਸਾਦਿ' ਤਕ ਦੀ ਵਜਾਖਜਾ ਏਥੇ ਜਪੁਜੀ ਵਿਚ ਬਹੁਤ ਵਿਸਥਾਰ ਨਾਲ ਕੀਤੀ ਗਈ ਹੈ; ਪਰ ਅੱਗੇ, ਜਿਥੇ ਜਿਥੇ ਇਹ ਮੂਲ ਮੰਤ੍ਰ ਆਇਆ ਹੈ, ਵਜਾਖਜਾ ਨਹੀਂ ਕੀਤੀ ਗਈ, ਇਸੇ ਤਰ੍ਹਾਂ ਹੋਰ ਪਦ ਪਦਾਰਥ ਤੇ ਵਜਾਖਜਾ ਸਮਝ ਲੈਣੀਆਂ ਕਿ ਬਾਰ ਬਾਰ ਨਹੀਂ ਦਿੱਤੀਆਂ ਗਈਆਂ।

ਅਸਾਂ ਇਸ ਟੀਕੇ ਵਿਚ ਕਿਸੇ ਇਕ ਪੱਖ ਦੀ ਨਿਜੀ ਕੋਈ ਖਿੱਚੋਤਾਣ ਨਹੀਂ ਕੀਤੀ, **ਜੋ ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦੇਂਦੇ ਹਨ ਤੇ ਜੋ ਨਿਜ ਮਨ ਨੂੰ ਗੁਰੂ ਆਸ਼ਯ ਨਿਸਚੇ ਹੁੰਦਾ ਹੈ ਉਹ ਲਿਖਿਆ ਹੈ, ਤੇ ਮੁਸ਼ਕਲਾਂ ਵੇਲੇ ਅਰਦਾਸ ਕਰਕੇ ਰਹਿਨੁਮਾਈ ਦੀ ਯਾਚਨਾ ਕੀਤੀ ਹੈ।** ਸਾਡਾ ਆਸ਼ਯ ਇਹ ਹੈ, ਕਿ ਗੁਰਬਾਣੀ ਦੇ ਅਰਥ ਗੁਰ ਆਸ਼ਯ ਦੇ ਅਨੁਕੂਲ ਹੋਣ ਤੇ ਰਾਇ ਦੇ ਵਖੇਵੇਂ

ਵਾਲੇ, ਮੂਲ ਵਾਂਙੂ, ਅਰਥਾਂ ਵਿਚ ਨਿਰਲੇਪਤਾ ਤੇ ਅਸਲੀਅਤ ਨੂੰ ਅਨੁਭਵ ਕਰਨ। ਕਿਉਂਕਿ ਮੂਲ ਆਸ਼ਯ ਗੁਰੂ ਬਾਬੇ ਦਾ ਜੀਵਾਂ ਦੀ ਕਲਜਾਣ ਹੈ ਤੇ ਕਲਜਾਣ ਮਾਰਗ ਵਾਲੇ ਸਤੋ ਗੁਣੀ ਰਸਤੇ ਉਤੇ ਟੁਰਦੇ ਹਨ ਤੇ ਸੱਚ ਦੀ ਰੋਸ਼ਨੀ ਵਿਚ ਟੁਰਦੇ ਹਨ। **ਤੇ ਸਚ ਇਹ ਹੈ ਕਿ ਦਸੋਂ ਗੁਰੂ ਸਾਹਿਬ 'ਗੁਰ ਨਾਨਕ ਦੇਵ ਗੋਵਿੰਦਰ ਰੂਪ' ਹਨ।**


ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਗੁਰੂ ਸਾਹਿਬਾਂ ਦੀ ਜਜੋਤਿ, ਵਾਹਿਗੁਰੂ ਦਾ ਸ਼ੁਧ ਗਜਾਨ ਹੈ। ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਲਗਾਤਾਰ ਚਾਲ, ਇਕ ਲਗਾਤਾਰ ਰੂਪ, ਇਕ ਲਗਾਤਾਰ ਧੁਨਿ, ਇਕ ਲਗਾਤਾਰ ਅਮੂਰਤ ਮੂਰਤੀ ਹੈ। ਜਿਸ ਵਿਚ ਬੇਨਤੀ, ਬਿਰਹੋਂ, ਨਿਰਮਲ ਭੈ, ਗਜਾਨ, ਸੇਵਾ, ਸ਼ਰਧਾ, ਪਿਆਰ, ਪ੍ਰੇਮ ਭਗਤੀ ਦੇ ਅਨਿਕ ਤਰੰਗ ਹਨ, ਹਾਂ ਇਸ ਵਿਚ ਲਗਾਤਾਰ ਸੰਗੀਤ, ਇਕ ਲਗਾਤਾਰ ਚਾਨਣ, ਇਕ ਲਗਾਤਾਰ ਰਸ ਮਸਤੀ, ਰਸ ਝੂਮ, ਰਸ ਸਰੂਰ, ਰਸ-ਲੀਨਤਾ ਦਾ ਦਰਸ਼ਨ ਹੈ, ਏਹੋ ਗੁਰੂ ਨਾਨਕ ਹਿਰਦਾ ਹੈ, ਇਹੀ ਉਹਨਾਂ ਦਾ ਇਤਿਹਾਸ ਤੇ ਇਹੀ ਇਲਾਹੀ ਗਜਾਨ ਹੈ। ਇਹੀ ਰੱਬੀ ਨਾਦ ਤੇ ਸਰੋਦ ਹੈ। ਇਹੀ ਗੁਰੂ ਹਿਰਦੇ ਉਪਰ ਸਾਈਂ ਵਲੋਂ ਪ੍ਰਕਾਸ਼ਿਆ ਗਜਾਨ ਹੈ। ਗੁਰੂ ਕਾ ਹਿਰਦਾ ਹਉਂ ਰਹਿਤ ਤੇ ਨਿਰੋਲ ਨਿਰਮਲ ਹੋਣ ਕਰਕੇ ਇਹ ਗਜਾਨ ਓਥੇ ਐਉਂ ਪ੍ਰਕਾਸ਼ਿਆ ਕਿ ਹੂ-ਬ-ਹੂ ਜਿਉਂ ਕਾ ਤਿਉਂ, ਜਿਵੇਂ ਸ਼ੀਸ਼ੇ ਵਿਚ ਮੂਰਤਿ ਪ੍ਰਕਾਸ਼ਦੀ ਹੈ, ਜਿਉਂ ਕੀ ਤਿਉਂ ਬਾਣੀ ਗੁਰੂ ਹਿਰਦੇ ਰੂਪੀ ਸ਼ੀਸ਼ੇ ਵਿਚ ਜੜੀ ਰਬੀ ਗਜਾਨ ਦੀ ਮੂਰਤੀ ਹੈ; ਹਾਂ ਇਹ ਵਾਹਿਗੁਰੂ ਦਾ ਗਜਾਨ ਹੈ, ਗੁਰੂ ਦਾ ਹਿਰਦਾ ਹੈ ਤੇ ਐਉਂ ਉਹਨਾਂ ਦਾ ਰੂਪ ਹੈ।"



{ਜਿਸ ਹਿਰਦੇ ਤੇ ਇਹ "ਧੁਰ ਕੀ ਬਾਣੀ" ਪ੍ਰਕਾਸ਼ਤ ਹੋਈ ਭਾਈ ਵੀਰ ਸਿੰਘ ਜੀ ਨੇ ਉਸ ਹਿਰਦੇ ਦੀ ਵਿਸ਼ਾਲਤਾ ਦਾ ਜੋ ਅਨੁਮਾਨ ਲਾਇਆ ਹੈ ਉਹ ਇਸੇ ਭੂਮਿਕਾ ਵਿਚ ਅਗੇ ਜਾਕੇ ਉਹਨਾਂ ਦੇ ਆਪਣੇ ਲਫ਼ਜ਼ਾਂ ਵਿਚ ਇਹ ਹੈ:-} ਸੰਪਾਦਕ

"ਗੁਰੂ ਨਾਨਕ ਦਾ ਮਨ ਬੜਾ ਹੀ ਵਿਸ਼ਾਲ ਸੀ, ਤੇ ਉਸ ਵਿਚ ਬੜੇ ਉੱਚ ਕੋਟੀ ਦੇ ਅਗੰਮੀ ਨਜ਼ਾਰੇ ਝਲਕਾਂ ਮਾਰਦੇ ਹਨ। ਓਹ ਕਿਸੇ

ਇਕ ਲੀਕ ਦੇ ਬੰਦ ਵਿਚ ਨਹੀਂ; ਓਹ ਜੀਉਂਦੇ ਜਾਗਦੇ ਉਡਦੇ ਉੱਚ ਭਾਵਾਂ ਦੇ ਲਲਿਤ ਵਿਦਜੁਤ ਲਹਿਰਾਉ ਹਨ ਕਿ ਜਿਨ੍ਹਾਂ ਨੂੰ ਤੱਕਣ ਵਿਚ ਸਾਧਾਰਣ ਸਮਝ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ........। ਉਹ ਕੇਵਲ ਦਾਰਸ਼ਨਿਕ ਬਜ਼ੁਰਗ ਨਹੀਂ ਸਨ, ਗੁਰੂ ਨਾਨਕ ਦੇਵ ਜੀ ਕੇਵਲ ਕਾਵਜ ਦੀਆਂ ਉਚਾਈਆਂ ਤੇ ਗਹਿਰਾਈਆਂ ਦੇ ਉਡਾਰੂ ਤੇ ਪਾਣੀਹਾਰ ਨਹੀਂ ਸਨ, ਗੁਰੂ ਨਾਨਕ ਦੇਵ ਜੀ ਰਹਸਜਵਾਦ ਦੇ ਨਿਰੇ ਵਿਸਮਾਦੀ ਛੋਹਾਂ ਦੇ ਲਖਣਹਾਰ ਸੁਹਣੇ ਨਹੀਂ ਸਨ, ਹਾਂ, ਗੁਰ ਨਾਨਕ ਦੇਵ ਨਿਰੇ ਵੈਰਾਗ ਦੀ ਉਦਾਸ ਬ੍ਰਿਤੀ ਵਿਚ ਦਿਲਗੀਰ ਰਹਿਣ ਵਾਲੇ ਮਹਾਂ ਪੁਰਖ ਨਹੀਂ ਸੇ, ਗੁਰੂ ਨਾਨਕ ਦੇਵ ਜੀ ਕਿਸੇ ਗ੍ਰਹਣ ਮਾਰਗ ਦੇ ਕਿਸੇ ਅਟਕਾਉ ਵਿਚ ਅਟਕੇ ਖਲੇ ਨਹੀਂ ਸਨ ਪਰ ਉਸ ਦੀਆਂ ਤਰਲ ਤੇ ਸੂਖਮ ਲਹਿਰਾਵਾਂ ਦੀਆਂ ਤ੍ਰੰਗਾਂ, ਛੋਹਾਂ ਤੇ ਮਹਾਂ ਰਸਾਂ ਵਿਚ ਉਡ ਖਲੋਣ ਵਾਲੇ ਮਨ ਦੇ ਮਾਲਕ ਸਨ। ਕਿੰਨਾਂ ਕਹੋ ਕਿ ਗੁਰੂ ਨਾਨਕ ਦੇਵ ਜੀ ਏਡੇ ਸਨ ਅਜੇ ਕੁਛ ਕਹਿਣ ਨੂੰ ਬਾਕੀ ਰਹਿ ਜਾਂਦਾ ਹੈ। ਉਪਰ ਜੋ ਕੁਛ ਕਿਹਾ ਹੈ, ਉਹ ਕਹਿਕੇ ਭੀ ਗੁਰੂ ਨਾਨਕ ਅਜੇ ਹੋਰ ਹੈ........।”



ਡਾ. ਬਲਬੀਰ ਸਿੰਘ ਜੀ ਇਸੇ ਭੂਮਿਕਾ ਵਿਚ ਇਕ ਥਾਂ ਲਿਖਦੇ ਹਨ ਕਿ :-“ਮੈਕਾਲਫ਼ ਸਾਹਿਬ ਦੇ ਦਿਲ ਵਿਚ ਧਾਰਮਿਕ ਨੁਕਤੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਬਹੁਤ ਸਤਿਕਾਰ ਸੀ। ਸੰਨ ੧੮੯੯ ਵਿਚ ਉਸ ਦਾ ਲੈਕਚਰ ਅਕਾਲ ਬੁੰਗੇ, ਅੰਮ੍ਰਿਤਸਰ ਵਿਖੇ ਹੋਇਆ, ਉਸ ਵਿਚ ਉਸ ਨੇ ਪੰਜਾਬੀ ਵਿਚ ਕਿਹਾ;-

“ਸਿਖ ਧਰਮ ਵਿਚ ਇਕ ਹੋਰ ਵਡਾ ਭਾਰਾ ਗੁਣ ਇਹ ਹੈ ਕਿ ਸੰਸਾਰ ਵਿਚ ਅੰਨਜ ਧਰਮਾਂ ਦੇ ਜੋ ਵਡੇ ਵਡੇ ਗੁਰੂ ਹੋ ਬੀਤੇ ਹਨ, ਉਹਨਾਂ ਨੇ ਕਦੀ ਇਕ ਸਤਰ ਤਕ ਬੀ ਆਪਣੇ ਹੱਥੀਂ ਨਹੀਂ ਲਿਖੀ ਸੀ। ਆਪ ਵਿਚੋਂ ਸ਼ਾਇਦ ਕਿਸੇ ਕਿਸੇ ਨੇ ਸੁਣਿਆ ਹੋਵੇਗਾ ਕਿ ਯੂਨਾਨ ਦੇਸ਼ ਦਾ ਵਡਾ

ਤਤਵੇਤਾ, ਜਿਸ ਦਾ ਨਾਉਂ ਫੀਥੋਗੋਰਸ ਸੀ, ਜਿਸ ਦੇ ਬਹੁਤ ਸਾਰੇ ਚੇਲੇ ਬਣ ਗਏ ਸਨ ਤੇ ਜੋ ਇਤਿਹਾਸ ਵਿਚ ਬਹੁਤ ਹੀ ਪ੍ਰਸਿੱਧ ਪੁਰਸ਼ ਹੋ ਗਿਆ ਸੀ, ਉਸ ਨੇ ਇਕ ਸਤਰ ਭੀ ਆਪਣੇ ਹੱਥੀਂ ਲਿਖਕੇ ਪਿੱਛੇ ਨਾ ਛਡੀ, ਜਿਸ ਕਰਕੇ ਅਸੀਂ ਭੀ ਜਾਣ ਲੈਂਦੇ ਕਿ ਇਹ ਉਸ ਦੇ ਨਿਯਮ ਸਨ। ਇਸ ਸੰਸਾਰ ਵਿਚ ਦੂਸਰਾ ਵੱਡਾ ਉਸਤਾਦ ਸੁਕਰਾਤ ਸੀ, ਜੋ ਮਸੀਹ ਤੋਂ ਪੰਜ ਸੌ ਵਰ੍ਹੇ ਪਹਿਲੇ ਯੂਨਾਨ ਦੇਸ਼ ਵਿਚ ਇਕ ਵਡਾ ਧਾਰਮਕ ਮਹਾਤਮਾ ਪ੍ਰਸਿੱਧ ਹੋਇਆ ਸੀ। ਉਹ ਆਖਦਾ ਸੀ ਮੇਰੇ ਅੰਦਰ ਪਰਮਾਤਮਾ ਦੀ ਆਕਾਸ਼ ਬਾਣੀ ਉਤਰਦੀ ਹੈ, ਜੋ ਮੈਨੂੰ ਚੰਗੇ ਕਰਮਾਂ ਵੱਲ ਪ੍ਰੇਰਦੀ ਹੈ ਤੇ ਮੰਦੇ ਕੰਮਾਂ ਤੋਂ ਹਟਾਉਂਦੀ ਹੈ; ਪਰ ਉਹ ਭੀ ਆਪਣੇ ਪਿਛੋਂ ਕੋਈ ਤੁਕ ਅਜੇਹੀ ਲਿਖਕੇ ਨਾ ਛਡ ਗਿਆ, ਜਿਸਥੋਂ ਉਸ ਦਾ ਆਸ਼ਯ ਅਰ ਉਸ ਦੇ ਧਰਮ ਦੇ ਨਿਯਮਾਂ ਦੀ ਸਿੰਮ੍ਰਤੀ ਬਣੀ ਰਹਿੰਦੀ; ਜੋ ਕੁਛ ਉਸ ਦੀ ਸਿਖਿਆ ਪ੍ਰਗਟ ਹੈ ਉਹ ਬੀ ਉਸ ਦੇ ਚੇਲੇ ਅਫਲਾਤੂਨ ਦੀ ਰਾਹੀਂ ਹੀ ਪ੍ਰਸਿੱਧ ਹੋਈ ਹੈ। ਉਪ੍ਰੰਤ ਇਸ ਭਾਰਤਵਰਸ਼ ਵਿਚ ਵਡਾ ਧਾਰਮਕ ਗੁਰੂ ਬੁਧ ਹੋਇਆ, ਉਸ ਨੇ ਭੀ ਆਪਣੇ ਹੱਥੀਂ ਕਦੇ ਕੋਈ ਸਤਰ ਨਹੀਂ ਲਿਖੀ ਸੀ। ਫੇਰ ਏਸ ਦੇ ਪਿਛੋਂ ਬੜਾ ਪ੍ਰਸਿੱਧ ਧਾਰਮਕ ਗੁਰੂ ਮਸੀਹ ਹੋਇਆ ਸੀ, ਉਸ ਨੇ ਭੀ ਕੋਈ ਇਕ ਅੱਖਰ ਸਾਰਖਾ ਨਹੀਂ ਲਿਖਿਆ ਸੀ। ਇਸ ਦੀਆਂ ਸਿਖਿਆ ਭੀ ਅੰਜੀਲ ਨਾਮੇ ਪੋਥੀ ਦਵਾਰਾ ਹੀ ਪ੍ਰਸਿੱਧ ਹੋਈਆਂ ਸਨ। ਪ੍ਰੰਤੂ ਸਿਖਾਂ ਦੇ ਧਾਰਮਕ ਗੁਰੂ ਇਨ੍ਹਾਂ ਸਭਨਾਂ ਤੋਂ ਵਿਲੱਖਣ ਹੋਏ ਹਨ, ਕਿਉਂ ਜੋ ਉਹਨਾਂ ਨੇ ਆਪਣੇ ਧਰਮ ਦੇ ਨਿਯਮਾਂ ਨੂੰ ਆਪ ਲਿਖਿਆ ਤੇ ਸਤਜ ਉਪਦੇਸ਼ਾਂ ਦਾ ਸੰਗ੍ਰਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਵਾਸਤੇ ਰਚ ਗਏ। ਇਸ ਗੱਲ ਵਿਚ ਸਿਖਾਂ ਦਾ ਮਤ ਸਭ ਤੋਂ ਵਧਕੇ ਹੈ।"

ਮੈਕਾਲਫ ਸਾਹਿਬ ਨੇ ਜੋ ਕੁਛ ਕਿਹਾ ਹੈ ਉਹ ਇਕ ਬੜੀ ਸ੍ਰੇਸ਼ਟ ਗਲ ਹੈ। ਸਾਨੂੰ ਪਤਾ ਹੈ ਕਿ ਜੈਨ ਧਰਮ ਦੇ ਗ੍ਰੰਥ ਕੋਈ ੯੦੦ ਵਰ੍ਹੇ ਬਾਦ ਲਿਖੇ ਤੇ ਸੰਕਲਿਤ ਕੀਤੇ ਗਏ। ਏਸੇ ਤਰ੍ਹਾਂ ਬੁਧ ਧਰਮ ਦੇ ਗ੍ਰੰਥ ਵੀ

ਮਹਾਤਮਾ ਬੁਧ ਤੋਂ ਤਿੰਨ ਸੌ ਵਰ੍ਹਾ ਪਿਛੋਂ ਦੀ ਸੰਕਲਨਾ ਹਨ। ਵੇਦਾਂ ਦੀ ਲਿਖਤ ਵਿਚ ਮਤ ਭੇਦ ਹੋ ਚੁਕੇ ਹਨ ਉਹ ਇਸ ਗੱਲ ਤੋਂ ਪਤਾ ਲਗ ਸਕਦਾ ਹੈ ਕਿ ਐਸ ਵੇਲੇ ਰਿਗ ਵੇਦ ਦੀਆਂ ੨੧ ਸ਼ਾਖਾਂ ਹਨ, ਅਥਰਵ ਵੇਦ ਦੀਆਂ ੫੦, ਯੁਜਰ ਵੇਦ ਦੀਆਂ ੧੦੯, ਸਾਮ ਵੇਦ ਦੀਆਂ ੧੦੦੦ ਫੇਰ ਵਿਸ਼ਨੂੰ ਪੁਰਾਣ ਵਿਚੋਂ ੧੭੦੦੦ ਸ਼ਲੋਕ ਗੁੰਮ ਹੋ ਚੁਕੇ ਹਨ। ਅਗਨਿ ਪੁਰਾਣ ਵਿਚੋਂ ਵੀ ੫੦੦ ਗੁੰਮ ਹਨ। ਹੋਰ ਪੁਰਾਣਾਂ ਦੀ ਵੀ ਸ਼ਲੋਕ ਗਿਣਤੀ ਵਿਚ ਬਹੁਤ ਫਰਕ ਪੈ ਗਿਆ ਹੈ।

ਧਰਮ ਪੁਸਤਕਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਜੂਦ ਹੀ ਇਕ ਐਸਾ ਹੈ, ਜਿਸ ਦੀ ਹੋਂਦ ਅਪਣੇ ਆਦਿ ਰੂਪ ਦੀ ਪ੍ਰਤਿਸ਼ਟਾ ਵਿਚ ਵਿਦਮਾਨ ਹੈ। {ਭੂਮਿਕਾ ਸੰਥਜਾ ਪੋਥੀ-੧}

(ਅ)

{ਨੋਟ:- 'ਬਾਬਾ ਨੌਧ ਸਿੰਘ' ਪੁਸਤਕ ਵਿਚ ਇਕ ਜਗ੍ਹਾ ਭਾਈ ਵੀਰ ਸਿੰਘ ਜੀ ਆਪਣਾ ਅਨੁਭਵ ਇਸ ਤਰ੍ਹਾਂ ਲਿਖਦੇ ਹਨ ਕਿ:-}

"**ਇਸ** ਤੋਂ ਵੱਖਰੇ ਆਤਮ ਮੰਡਲ ਦੀ ਇਹ ਖੇਡ ਹੈ ਕਿ ਜਿਥੇ ਸ੍ਰੀ ਗ੍ਰੰਥ ਸਾਹਿਬ ਜੀ ਦਾ ਵਜੂਦ ਅਸਥਾਪਤ ਹੈ ਓਥੇ ਅਣਦਿਸਦੇ ਸੰਸਾਰ ਵਲੋਂ ਅਤਿ ਪਵਿਤ੍ਰਾਂ ਦਾ ਪਹਿਰਾ ਹੁੰਦਾ ਹੈ। ਤੁਸੀਂ ਦੇਖੋ! ਜਿਥੇ ਪ੍ਰਕਾਸ਼ ਹੁੰਦਾ ਹੈ ਓਥੇ ਪ੍ਰਭਾਵ ਹੋਰ ਤਰ੍ਹਾਂ ਦਾ ਹੁੰਦਾ ਹੈ ਅਰ ਉਹ ਉੱਚਾ ਤੇ ਸੁੱਚਾ ਪ੍ਰਭਾਵ ਹੁੰਦਾ ਹੈ। ਉਹ ਪ੍ਰਭਾਵ ਆਤਮ ਮੰਡਲ ਦੇ ਉਨ੍ਹਾਂ ਮਹਾਨ ਜਜੋਤੀਆਂ ਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਵਾਲੀ ਥਾਂ ਅਪਣਾ ਆਤਮ ਰਸ ਦਾ ਅਸਰ ਪਾਉਂਦੇ ਹਨ।.....ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਹੁੰਦੇ ਹਨ ਓਥੇ ਆਤਮ ਮੰਡਲ ਦਾ ਉੱਚਾ ਸ਼ਾਂਤਿ ਤੇ ਇਕਾਗ੍ਰਤਾ ਦੇ ਰਸ ਵਾਲਾ ਪ੍ਰਭਾਵ ਹੁੰਦਾ ਹੈ, ਇਹ ਪ੍ਰਭਾਵ ਜਗਜਾਸੂ ਮਨਾਂ ਤੇ ਜੀਅਦਾਨ ਦੀ ਰੌ ਨੂੰ ਤਾਜ਼ਿਆਂ ਰਖਣ, ਜਾਰੀ ਰਖਣ ਤੇ ਮਦਦ ਦੇਣ ਪਰ ਅਸਰ ਪਾਉਂਦਾ ਹੈ।"

(ਬਾਬਾ ਨੌਧ ਸਿੰਘ-੧੯੨)

(ੲ)

{ਕਲਗੀਧਰ ਚਮਤਕਾਰ ਵਿਚ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ:-}

"**ਪੰਥ** ਗੁਰੂ ਹੈ ਪਰ ਗੁਰੂ ਦੇ ਨਾਲ। ਗੁਰੂ ਜੇ ਵਿਚ ਨਹੀਂ, ਤਾਂ ਪੰਥ 'ਗੁਰੂ ਪੰਥ' ਨਹੀਂ। ਜਿਵੇਂ ਜੰਞ ਲਾੜੇ ਦੇ ਨਾਲ ਜੰਞ ਹੈ, ਜੇ ਲਾੜਾ ਹੈ ਹੀ ਨਹੀਂ ਤਾਂ ਕਿਸੇ ਜਨ ਸਮੂਹ, ਕਿਸੇ ਮਨੁੱਖਾਂ ਦੀ ਭੀੜ ਨੂੰ ਜੰਞ ਨਹੀਂ ਕਿਹਾ ਜਾ ਸਕਦਾ। ਸੰਗਤ ਦੀ ਵਡਿਆਈ ਦਾ ਅਸੂਲ ਸਤਿਗੁਰਾਂ ਦੇ ਘਰ ਵਿਚ ਆਦਿ ਤੋਂ ਹੈ: "**ਵਿਚਿ ਸੰਗਤ ਹਰਿ ਪ੍ਰਭੁ ਵਸੈ ਜੀਉ।**" ਪਰ ਸੰਗਤ ਯਾ ਪੰਥ ਹੈ ਗੁਰ ਨਾਲ, ਸਿਖ ਹੈ ਗੁਰੂ ਕਰਕੇ, ਜੇ ਗੁਰੂ ਨਹੀਂ ਤਾਂ ਸਿਖ ਕਿਸਦਾ ਤੇ ਸੰਗਤ ਕਿਵੇਂ ਹੈ? ਇਸੇ ਕਰਕੇ ਜਦੋਂ ਗੁਰੂ ਜੀ ਨੇ ਖਾਲਸੇ ਨੂੰ ਗੁਰੂ ਥਾਪਿਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ ਕਿ ਗੁਰੂ ਸਣੇ ਖਾਲਸਾ ਗੁਰੂ ਹੈ। ਜਿਵੇਂ ਗੁਰੂ ਜੀ ਅਪਣੇ ਹੀਨ ਹਯਾਤ ਅਪਣੇ ਸਮੇਤ ਖਾਲਸਾ ਆਖਦੇ ਸਨ ਤੇ ਉਸ ਸੂਰੇ ਗੁਰੂ ਸਣੇ ਖਾਲਸਾ ਗੁਰੂ ਸੀ: ਤਿਵੇਂ ਹੁਣ ਸ੍ਰੀ ਗੁਰੂ ਗ੍ਰੰਥ ਸਣੇ ਖਾਲਸਾ ਗੁਰੂ ਹੈ।...... ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰ ਤੇ ਥਾਪੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਮ ਸਿਮਰਨ ਸਿਖਾਲਦੇ ਹਨ, ਪ੍ਰੇਮ ਸਿਖਾਲਦੇ ਹਨ, ਸੱਚ ਦੀ ਪੈਰਵੀ ਸਿਖਾਲਦੇ ਹਨ ਤੇ ਇਨ੍ਹਾਂ ਦੀ ਰੌਸ਼ਨੀ ਵਿਚ ਤੁਰਦਾ ਪੰਥ ਗੁਰ ਆਦਰਸ਼ਾਂ ਪਰ ਠੀਕ ਟੁਰਦਾ ਹੈ। ਜੇ ਸਿਖ ਇਨ੍ਹਾਂ ਅਸੂਲਾਂ ਪਰ ਟੁਰਨ ਤਾਂ ਉਨ੍ਹਾਂ ਦੀ ਜਥੇਬੰਦੀ ਵਿਚ ਕਦੇ ਫੁੱਟ ਤੇ ਧੜੇਬੰਦੀ ਨਹੀਂ ਪੈ ਸਕਦੀ, ਉਹਨਾਂ ਵਿਚ ਗੁਰੂ ਆਪ ਵਰਤਦਾ ਹੈ।"

(ਸ੍ਰੀ ਕਲਗੀਧਰ ਚਮਤਕਾਰ, ਦਾਤਾ ਜੀ ਦਾਦੂ ਦੁਆਰੇ)

# ਵਲਵਲਾ

ਜਿਨ੍ਹਾਂ ਉਚਿਆਈਆਂ ਉਤੋਂ
'ਬੁੱਧੀ' ਖੰਭ ਸਾੜ ਢੱਠੀ,
ਮੱਲੋ ਮੱਲੀ ਓਥੇ ਦਿਲ
ਮਾਰਦਾ ਉਡਾਰੀਆਂ;

ਪਯਾਲੇ ਅਣਡਿੱਠੇ ਨਾਲ
ਬੁੱਲ੍ਹ ਲਗ ਜਾਣ ਓਥੇ
ਰਸ ਤੇ ਸਰੂਰ ਚੜ੍ਹੇ
ਝੂੰਮਾਂ ਆਉਣ ਪਯਾਰੀਆਂ,

'ਗਯਾਨੀ' ਸਾਨੂੰ ਹੋੜਦਾ ਤੇ
"ਵਹਿਮੀ ਢੋਲ" ਆਖਦਾ ਏ:
"ਮਾਰੇ ਗਏ ਜਿਨ੍ਹਾਂ ਲਾਈਆਂ
ਬੁੱਧੋਂ ਪਾਰ ਤਾਰੀਆਂ"

"ਬੈਠ ਵੇ ਗਿਆਨੀ! ਬੁੱਧੀ-
ਮੰਡਲੇ ਦੀ ਕੈਦ ਵਿਚ,
'ਵਲਵਲੇ ਦੇ ਦੇਸ਼' ਸਾਡੀਆਂ
ਲਗ ਗਈਆਂ ਯਾਰੀਆਂ"

(ਬਿਜਲੀਆਂ ਦੇ ਹਾਰ)

# ੪
# ਆਦਿ ਗ੍ਰੰਥ ਰਚਨਾ

## ੳ- ਆਰੰਭ ਪੋਥੀਆਂ ਲਿਆਂਦੀਆਂ

**ਸ੍ਰੀ** ਗੁਰੂ ਨਾਨਕ ਦੇਵ ਜੀ ਨੇ ਆਪਣੇ ਥਾਂ ਥਾਪੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਫੁਰਮਾਇਆ ਸੀ ਕਿ 'ਪੰਥ ਸਾਜਣਾ ਹੈ।' ਜਿਸਦਾ ਭਾਵ ਇਹ ਸੀ ਕਿ ਮੈਂ ਜੋ ਪੰਥ ਰਚਿਆ ਹੈ ਇਸਨੂੰ ਇਨ੍ਹਾਂ ਲੀਹਾਂ ਤੇ ਲਈ ਚੱਲਣਾ ਹੈ। ਓਹ 'ਲੀਹਾਂ ਸਨ ਸੱਚ ਦੀਆਂ, ਨਾਮ ਦੀਆਂ, ਉਪਕਾਰ ਦੀਆਂ, ਨਾਮ ਦੁਆਰਾ ਆਪਣੀ ਹਉਮੈ ਨੂੰ ਜਿੱਤਣ ਤੇ ਘਟ ਘਟ ਵਿਚ ਵਜਾਪਕ ਵਾਹਿਗੁਰੂ ਨੂੰ ਲਖ ਲੈਣ ਤੇ ਵਿਚੇ ਰਹਿਕੇ ਭਲਾ ਕਰਨ ਦੀਆਂ।' ਇਸੀ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਪੰਥ ਸਾਜਣ' ਦੀ ਤਾਕੀਦ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀਤੀ ਸੀ। ਅਤੇ ਆਪ ਜੀ ਨੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੀਤੀ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰ ਅਰਜਨ ਦੇਵ ਜੀ ਨੂੰ ਕੀਤੀ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਵੇਂ ਹੀ ਕੀਤੀ ਜਿਵੇਂ ਕਿ ਪਹਿਲੇ ਸਤਿਗੁਰੂ ਜੀ ਕਰਦੇ ਆਏ ਤੇ ਜਿਵੇਂ ਆਪ ਨੂੰ ਫੁਰਮਾਨ ਹੋਇਆ ਸੀ।...... ਘਰ ਦੀ ਮੁਖਾਲਫਤ, ਜੋ ਲਗਾਤਾਰ ਆਪ ਜੀ ਦੇ ਪਿੱਛੇ ਪਈ ਰਹੀ, ਉਸਦੇ ਹੁੰਦਿਆਂ ਆਪਣੇ ਪੰਥ ਨੂੰ ਸੰਭਾਲਣਾ ਤੇ ਆਪ ਪੂਰਨ ਪਦ ਤੇ ਖੜੋਕੇ ਨਿਰਵੈਰ ਤੇ ਨਿਰਭੈ ਰੰਗਾਂ ਵਿਚ ਖੇਲਣਾ ਇਕ ਕਮਾਲ ਹੈ ਜੋ ਅਵਤਾਰ ਗੁਰੂ ਹੀ ਵਰਤ ਕੇ ਦਿਖਾ ਸਕਦਾ ਹੈ।

ਆਪਣੇ ਗੁਰੂ ਦੇ ਹੁਕਮ 'ਪੰਥ ਸਾਜਣਾ' ਨੂੰ ਹੋਰ ਪੱਕੇ ਪੈਰਾਂ ਤੇ ਕਰਨੇ ਲਈ ਆਪ ਨੇ ਹਰਿਮੰਦਰ ਪੱਕੀ ਇਮਾਰਤ ਵਿਚ ਤੇ ਅੰਮ੍ਰਿਤ ਸਰੋਵਰ ਪੱਕੀ ਉਸਾਰੀ ਵਿਚ ਸਾਜਕੇ ਉਹ ਪਵਿਤ੍ਰਤਾ ਕਾਇਮ ਕੀਤੀ, ਜਿਥੇ

ਅੱਠੇ ਪਹਿਰ ਕੀਰਤਨ ਹੁੰਦਾ ਰਹੇ ਤੇ ਅੰਮ੍ਰਿਤ ਵਰਸਦਾ ਰਹੇ। ਇਹ ਮੰਦਰ ਦੀ ਸਾਜਨਾ ਪੰਥ ਦੀ ਪਰਪੱਕਤਾ ਲਈ ਪਰਮ ਜ਼ਰੂਰੀ ਸੀ। ਇਹ ਇਕ ਕੇਂਦ੍ਰੀ ਪਵਿਤ੍ਰ ਅਸਥਾਨ ਬਣ ਗਿਆ, ਜਿਸਦੇ ਦੁਆਲੇ ਸਾਰਾ ਪੰਥ ਖਿਚੀਂਦਾ ਘੁੰਮਦਾ ਰਹੇ, ਜਿਥੋਂ ਹਰੀ ਕੀਰਤਨ ਦੀ ਗੁੰਜਾਰ ਹਰੀ ਪ੍ਰੇਮ ਵਿਚ ਮਗਨ ਕਰਦੀ ਰਹੇ।

ਹੁਣ ਆਪ ਜੀ ਨੇ ਇਸ ਪ੍ਰਕਾਰ ਦੀ ਦੂਜੀ ਸੋਚ ਕੀਤੀ। ਉਹ ਇਹ ਸੀ ਕਿ ਗੁਰਬਾਣੀ ਇਕ ਥਾਂ ਇਕੱਤ੍ਰ ਕੀਤੀ ਜਾਵੇ। ਪਹਿਲੇ ਸਤਿਗੁਰਾਂ ਦੇ ਸੱਚਖੰਡ ਪਿਆਨੇ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ, ਜਿੰਨੀ ਦੂਰੋਂ ਨੇੜਿਓਂ ਮਿਲ ਸਕੀ, ਇਕੱਠੀ ਕੀਤੀ ਸੀ। ਤੀਸਰੇ ਸਤਿਗੁਰਾਂ ਦੇ ਵੇਲੇ ਤਿੰਨਾਂ ਹੀ ਸਤਿਗੁਰਾਂ ਦੀ ਬਾਣੀ ਦੋ ਪੋਥੀਆਂ ਵਿਚ, ਕਹਿੰਦੇ ਹਨ ਕਿ, ਸੰਸਰਾਮ* ਤੋਂ ਲਿਖਵਾਈ ਗਈ ਸੀ। ਏਹ ਪੋਥੀਆਂ ਤਦੋਂ ਗੋਇੰਦਵਾਲ ਸਨ ਗੁਰੂ ਅਮਰਦਾਸ ਜੀ ਦੇ ਵੱਡੇ ਸਪੁਤ੍ਰ ਸ੍ਰੀ ਮੋਹਨ ਜੀ ਪਾਸ। ਸੋ ਆਪ ਨੇ ਵਿਚਾਰਿਆ ਕਿ ਸੰਚਯ ਆ ਜਾਵੇ ਤੇ ਇਸਨੂੰ ਵੀਚਾਰਕੇ ਚੌਥੇ ਸਤਿਗੁਰਾਂ ਦੀ ਸਾਰੀ ਬਾਣੀ ਤੇ ਆਪਣੇ ਤੇ ਉਤਰੀ ਬਾਣੀ ਤੇ ਹੋਰ ਜੋ ਪ੍ਰਭੂ ਪ੍ਰੇਮੀਆਂ ਦੀ ਠੀਕ ਠੀਕ ਬਾਣੀ ਮਿਲੇ ਸੋਧ ਸੁਧਾਰ ਕੇ ਸੰਚਯ ਕੀਤੀ ਜਾਵੇ। ਸੋ ਆਰੰਭ ਗੋਇੰਦਵਾਲ ਵਾਲੀਆਂ ਪੋਥੀਆਂ ਦਾ ਮੰਗਾਉਣਾ ਸੀ। ਭਾਈ ਗੁਰਦਾਸ ਜੀ ਨੇ ਇਸ ਕਾਰਜ ਦੇ ਕਰਨ ਦੀ ਹਾਮੀ ਭਰੀ ਤੇ ਗੁਰੂ ਆਗਜਾ ਵਿਚ ਗੋਇੰਦਵਾਲ ਚਲੇ ਗਏ। ਪਹਿਰ ਸਵਾ ਪਹਿਰ ਦਿਨ ਰਹੇ ਪਹੁੰਚਕੇ ਬਾਵਲੀ ਸਾਹਿਬ ਇਸ਼ਨਾਨ ਕਰਕੇ ਮੋਹਨ ਜੀ ਦੇ ਚੁਬਾਰੇ ਜਾ ਪਹੁੰਚੇ। ਦਰ ਬੰਦ ਦੇਖਕੇ ਬਾਹਰੇ ਬੈਠ ਗਏ ਤੇ ਬੇਨਤੀਆਂ ਕਰਨ ਲਗੇ, ਪਰ ਮੋਹਨ ਜੀ ਯੋਗਿਕ ਸਮਾਧੀ ਵਿਚ ਸਨ; ਸਮਾਧਿ ਨਾ ਖੁੱਲ੍ਹੀ। ਭਾਈ ਗੁਰਦਾਸ ਸਾਰੀ ਰਾਤ ਬੀ ਬੈਠੇ ਰਹੇ; ਅਰਜ਼ਾਂ ਕਰਦੇ ਰਹੇ ਪਰ ਦਰ ਨਾ ਖੁੱਲ੍ਹੇ। ਆਖਰ ਨਿਰਾਸ ਹੋਕੇ ਭਾਈ ਜੀ ਮੁੜ

---

* ਸ੍ਰੀ ਗੁਰੂ ਅਮਰ ਦਾਸ ਜੀ ਦਾ ਪੋਤਰਾ, ਬਾਬਾ ਮੋਹਨ ਜੀ ਦਾ ਪੁਤਰ।

ਆਏ ਤੇ ਆ ਸਾਰੀ ਕਥਾ ਸੁਣਾਈ। ਤਦ ਭਾਈ ਬੁੱਢੇ ਨੇ ਇਹ ਸੇਵਾ ਚਾਈ ਤੇ ਗੋਇੰਦਵਾਲ ਪਹੁੰਚੇ। ਇਸ਼ਨਾਨ ਕਰਕੇ ਚੁਬਾਰੇ ਪਹੁੰਚੇ। ਤਦੋਂ ਬੀ ਦਰ ਅੰਦਰੋਂ ਬੰਦ ਸੀ। ਆਪ ਨੇ ਬੀ ਅਵਾਜ਼ਾਂ ਦਿੱਤੀਆਂ, ਬਿਨੈ ਉਚਾਰੀਆਂ, ਦਰ ਖੜਕਾਏ ਪਰ ਦਰ ਨਾ ਖੁੱਲ੍ਹਾ। ਫੇਰ ਆਪ ਨੇ ਆਪਣੇ ਬਲ ਨਾਲ ਦਰ ਇਸ ਤਰ੍ਹਾਂ ਖਿੱਚੇ ਤੇ ਚੂਥੀ ਹਿਲਾਈ, ਕੁਛ ਇੱਟਾਂ ਪੁੱਟਕੇ ਚੂਥੀ ਕੱਢ ਲਈ ਤੇ ਦਰ ਖੋਲ੍ਹਕੇ ਅੰਦਰ ਜਾ ਪਹੁੰਚੇ, ਕੀ ਦੇਖਦੇ ਹਨ :-

**ਸ੍ਰੀ ਮੋਹਨ ਬੈਠੇ ਜਹਾਂ ਪਦਮਾਸਨ ਧਾਰੀ।**
**ਲਗੀ ਸਮਾਧਿ ਅਖੰਡ ਰਸੁ ਨਹਿ ਦੇਹਿ ਸੰਭਾਰੀ।**
**ਕਾਸ਼ਟ ਕੇਰ ਸਮਾਨ ਦ੍ਰਿੜ ਰਿਜ[੧] ਹ੍ਵੈਕਰ ਬੈਸਾ।**
**ਅਚਲ[੨] ਅੰਗ ਸਗਰੇ ਕਰੇ ਥਿਤ ਕਾਸ਼ਟ ਜੈਸਾ॥੩੫॥**
(ਸੂ: ਪ੍ਰ: ੨੦੪੮)

ਉਧਰ ਮੋਹਰੀ ਜੀ ਨੂੰ ਖਬਰ ਹੋਈ; ਦਰ ਟੁੱਟਣ ਦੀ ਅਵਾਜ਼ ਅਈ, ਤਦ ਉਹ ਛੇਤੀ ਉਪਰ ਪਹੁੰਚਾ ਤੇ ਬੋਲਿਆ : ਭਾਈ ਜੀਓ! ਕਾਸਨੂੰ ਇਸ ਤਾਂਈਂ ਹਿਲਾਉਂਦੇ ਹੋ, ਇਹ ਅਪਣੀ ਸਮਾਧੀ ਵਿਚ ਹੈਸੁ। ਇਹ ਮਸਤ ਸੁਭਾਵ:

**ਬਡ ਲਘੁ ਨਹੀਂ ਬਿਚਾਰਤੋ ਨਹਿ ਦੇਖਹਿ ਕਾਊ।**
**ਸ੍ਰਾਪ ਆਦਿ ਨਿਸ਼ਠੁਰ[੩] ਭਨਹਿ ਹੇਰਤ ਰਿਸ ਧਾਰੇ।......**
**ਨਿਜ ਸੁਭਾਉ ਮਹਿਂ ਮਸਤ ਰਹਿ ਕਿਹ ਸੰਗ ਨ ਬੋਲੈ।**
**ਬੈਠਜੋ ਅੰਤਰ ਇਮ ਰਹੈ ਕਬਿ ਕਬਿ ਦਰ ਖੋਲੈ।**

ਇਸ ਪ੍ਰਕਾਰ ਦੀ ਪ੍ਰੇਰਨਾ ਨਾਲ ਸ੍ਰੀ ਬੁੱਢਾ ਜੀ ਨੇ ਸ੍ਰੀ ਮੋਹਨ ਜੀ ਦੀ ਸਮਾਧੀ ਖੋਹਲਣੀ ਮੁਨਾਸਿਬ ਨਾ ਜਾਤੀ ਤੇ ਪਰਤ ਆਏ ਤੇ ਸਾਰੀ ਕਥਾ ਸ੍ਰੀ ਸਤਿਗੁਰੂ ਜੀ ਨੂੰ ਆ ਸੁਣਾਈ।

---

੧. ਸਿੱਧਾ। ੨. ਅਹਿਲ। ੩. ਕਰੜੇ।

ਇਸ ਤੋਂ ਮਗਰੋਂ ਕੁਛ ਵੀਚਾਰ ਕਰਕੇ ਸ੍ਰੀ ਗੁਰੂ ਜੀ ਆਪ ਤਿਆਰ ਹੋਏ ਤੇ ਗੋਇੰਦਵਾਲ ਅੱਪੜੇ। ਬਾਵਲੀ ਇਸ਼ਨਾਨ ਕਰਕੇ ਧਿਆਨ ਮਗਨ ਬੈਠ ਗਏ। ਲਿਖਿਆ ਹੈ ਕਿ ਤੀਸਰੇ ਸਾਹਿਬਾਂ ਦੇ ਦਰਸ਼ਨ ਹੋਏ ਤੇ ਸੈਨਤ ਹੋਈ ਕਿ ਕਾਰਜ ਰਾਸ ਹੋਏਗਾ, ਕਠੋਰ ਬਚਨ ਝੱਲ ਲੈਣੇ।*

ਹੁਣ ਗੁਰੂ ਜੀ ਗੋਇੰਦਵਾਲ ਨਗਰੀ ਵਿਚ ਉਸ ਗਲੀ ਗਏ, ਜਿਸ ਵਿਚ ਮੋਹਨ ਜੀ ਦਾ ਚੁਬਾਰਾ ਸੀ। ਹੱਥ ਵਿਚ ਤੰਬੂਰਾ ਸੀ। ਨੰਗੇ ਪੈਰੀਂ ਗਏ ਤੇ ਚੁਬਾਰੇ ਦੇ ਅੱਗੇ ਗਲੀ ਵਿਚ ਹੀ ਭੁੰਞੇ ਜਾ ਬੈਠੇ, ਕੁਛ ਚਾਦਰ ਕਿ ਦਰੀ ਕਾਲੀਨ ਵਿਛਾਉਣ ਨਾਂ ਦਿਤਾ। ਫੇਰ ਗਉੜੀ ਰਾਗ ਦੀ ਮਧੁਰ ਧੁਨਿ ਵਿਚ ਤੰਬੂਰੇ ਦੀਆਂ ਮਿਠੀਆਂ ਸੁਰਾਂ ਵਜਦੀਆਂ ਵਿਚ ਗਾਵੈਂ:-

**ਗਉੜੀ ਮਹਲਾ ੫**

**"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥ ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥ ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥ ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥ ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ"॥੧॥** (ਪੰਨਾ-੨੪੮)

ਸ੍ਰੀ ਮੋਹਨ ਜੀ ਦੀ ਸਮਾਧੀ, ਜੋ ਦੋ ਵੇਰ ਦੇ ਯਤਨ ਨਾਲ ਨਹੀਂ ਸੀ ਖੁੱਲ੍ਹੀ, ਅੱਜ ਮਧੁਰ ਗੁਰਬਾਣੀ ਦੇ ਅਸਰ ਨਾਲ ਖੁੱਲ੍ਹੀ ਤੇ ਤਾਕੀ ਵਿਚੋਂ ਗਲੀ ਵੱਲ ਤੱਕੇ ਤੇ ਗੁਰੂ ਅਰਜਨ ਦੇਵ ਜੀ ਵੱਲ ਤੱਕ ਕੇ ਕੁਛ ਕਠੋਰ ਵਾਕ ਕਹੇ। ਉਨ੍ਹਾਂ ਵਾਕਾਂ ਦੇ ਅਰਥ ਦੂਹਰੇ ਹਨ, ਨਿੰਦਜਾ ਬੀ ਅਰਥ ਨਿਕਲਦੇ ਹਨ ਤੇ ਉਸਤਤਿ ਵੀ।

---

* ਸਹਿ ਕਰਿ ਥਾਕ ਕਠੋਰ ਲੇਹੁ ਜੋ ਚਿਤ ਚਹੈ॥ (ਸੂ:ਪ੍ਰ:)

ਕਠੋਰ ਵਾਕ ਸੁਣਕੇ ਤੰਬੂਰੇ ਦੀਆਂ ਮ੍ਰਿਦੁਲ ਜ਼ਰਬਾਂ ਮੱਧਮ ਨਹੀਂ ਪਈਆਂ ਤੇ ਦੈਵੀ ਗਲਾ ਸੁਰੀਲੀ ਸੁਰ ਵਿਚ ਅੰਮ੍ਰਿਤ ਵਰਖਾ ਕਰਨੋ ਨਹੀਂ ਰੁਕਿਆ। ਹੁਣ ਇਉਂ ਮਧੁਰ ਵਾਕ ਉਚਾਰ ਹੋਏ:-

"ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥
ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ॥ ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥ ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥ ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ"॥੨॥ (ਪੰਨਾ-੨੪੮)

ਫਿਰ ਸ੍ਰੀ ਗੁਰੂ ਜੀ ਨੇ ਮਧੁਰ ਸੁਰ ਗਾਇਨ ਕੀਤਾ :-

"ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥ ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥ ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ॥ ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥ ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ॥ ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ॥੩॥"

ਮੋਹਨ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਮੋਹਨੀ ਮੂਰਤੀ ਵੇਖੀ ਜੋ ਗਾ ਰਹੇ ਹਨ, ਪ੍ਰੇਮ ਵਿਚ ਨੈਣ ਬੰਦ ਮਗਨ ਹਨ, ਕੋਈ ਕੋਈ ਜਲ ਟੇਪਾ ਕਿਰਦਾ ਹੈ, ਸਮਝ ਗਏ ਕਿ ਏਹ ਪੂਰਨ ਗੁਰੂ ਹਨ ਤੇ ਆਪਣੇ ਪ੍ਰੀਤਮ ਵਾਹਿਗੁਰੂ ਜੀ ਦੇ ਰੰਗ ਰੱਤੇ ਹੋਏ ਗਾ ਰਹੇ ਹਨ। ਇਹ ਦੇਖ ਕੇ ਪੋਥੀਆਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ ਤੇ ਚਰਨਾਂ ਤੇ ਸਿਰ ਰੱਖ ਦਿੱਤਾ। ਤਦ ਨੰਮ੍ਰਤਾ ਦੀ ਅਵਧੀ ਗੁਰੂ ਜੀ ਬੋਲੇ। 'ਆਪ ਵੱਡੇ ਹੋ,

ਸਾਕਾਦਾਰੀ ਵਿਚ ਮਾਮਾ ਜੀ ਹੋ, ਗੁਰੂ ਅਮਰਦਾਸ ਜੀ ਜਗਤ ਤਾਰਕ ਗੁਰੂ ਆਪਦੇ ਪਿਤਾ ਹਨ, ਸੋ ਮੇਰੇ ਵੱਡੇ ਹੋ, ਮੱਥਾ ਨਾ ਟੇਕੋ।......'

ਪੋਥੀਆਂ ਲੈ ਕੇ ਟੁਰ ਪੈਂਦੇ ਪਰ ਸ੍ਰੀ ਮੋਹਰੀ ਜੀ ਨੇ ਬੜੇ ਪ੍ਰੇਮ ਨਾਲ ਅਟਕਾ ਲਿਆ ਤੇ ਸਾਰੇ ਪਰਿਵਾਰ ਵਿਚ ਲੈ ਗਿਆ। ਪਰਸਪਰ ਮਿਲਕੇ ਸੁਖੀ ਹੋਏ। ਦੋਹਾਂ ਗੁਰੂ ਸਾਹਿਬਾਂ ਦੇ ਦੇਹੁਰਿਆਂ ਦੇ ਦਰਸ਼ਨ ਕੀਤੇ। ਇਕ ਰਾਤ ਗੋਇੰਦਵਾਲ ਹੀ ਰਹੇ। ਅਗਲੇ ਦਿਨ ਸਾਰੇ ਪਰਿਵਾਰ ਦੀ ਆਗਜਾ ਪਾਕੇ ਵਾਪਸ ਹੋਏ।.......

ਸੁੰਦਰ ਕੋਲੋਂ ਸੱਦ ਲਿਖਵਾਕੇ ਨਾਲ ਲੈ ਲੀਤੀ, ਜੋ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਸ਼ਾਮਲ ਕੀਤੀ। ਪੋਥੀਆਂ ਨੂੰ ਇਕ ਖਾਸੇ* ਵਿਚ ਟਿਕਾ ਕੇ ਆਦਰ ਨਾਲ ਲੈ ਕੇ ਟੁਰ ਪਏ।

-o-

## ਅ- ਪਾਵਨ ਬੀੜ ਦੀ ਤਿਆਰੀ

**ਸ੍ਰੀ** ਗੁਰੂ ਅਰਜਨ ਦੇਵ ਜੀ ਨੇ ਰਾਮਦਾਸ ਪੁਰੇ (ਅੰਮ੍ਰਿਤਸਰ) ਪੁੱਜ ਕੇ ਉਸ ਮਹਾਨ ਕਾਰਜ ਦੀ ਤਿਆਰੀ ਆਰੰਭ ਕੀਤੀ, ਜਿਸ ਨਾਲ ਕਿ ਜਗਤ ਦਾ ਉਧਾਰ ਸਰਬ ਕਾਲ ਲਈ ਹੁੰਦਾ ਰਹੇ। ਜਿਸ ਪਾਵਨ, ਪਰਮ ਪਾਵਨ ਬੀੜ ਨੂੰ ਅਸੀਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖਕੇ ਪੂਜਦੇ, ਪੜ੍ਹਦੇ, ਸਮਝਦੇ, ਆਗਜਾ ਮੰਨਦੇ ਤੇ ਆਤਮਕ ਸੁਖ ਮਾਣਦੇ ਹਾਂ ਤੇ ਕਲਜਾਣ ਪ੍ਰਾਪਤ ਕਰਦੇ ਹਾਂ, ਉਸ ਮਹਾਨ ਪਵਿਤ੍ਰ ਤੇ ਉਪਕਾਰੀ ਕਾਰਜ ਦਾ ਆਰੰਭ ਕੀਤਾ।

ਪਹਿਲਾਂ ਇਸ ਪਵਿਤ੍ਰ ਕਾਰਜ ਲਈ ਥਾਂ ਚੁਣਿਆ ਜੋ ਹਰਿਮੰਦਰ ਸਾਹਿਬ ਤੋਂ ਪੂਰਬ ਦੱਖਣ ਰੁਖ਼ ਨੂੰ ਕਈ ਬੇਰੀਆਂ, ਜੰਡ, ਪਿੱਪਲ ਆਦਿ

---

* ਖਾਸਾ=ਨਿਹਾਇਤ ਹੀ ਖ਼ੂਬਸੂਰਤ ਤੇ ਮੁਲਾਇਮ ਰੁਮਾਲਾ।

ਬ੍ਰਿਛਾਂ ਨਾਲ ਛਾਯਾਦਾਰ ਸੀ। ਇਸ ਜਗ੍ਹਾ ਨੂੰ ਹੋਰ ਰਮਣੀਕ ਬਣਾ ਲੀਤਾ ਗਿਆ। ਥਾਂ ਸਫ਼ਾ ਕਰਕੇ ਨਵਾਂ ਘਾਸ ਸਿਆਣੇ ਮਾਲੀਆਂ ਨੇ ਲਗਾ ਦਿੱਤਾ। ਜਗ੍ਹਾ ਜਗ੍ਹਾ ਫੁੱਲਾਂ ਦੇ ਬਹਾਰੀ ਬੂਟੇ ਤੇ ਮੋਤੀਏ, ਚੰਬੇਲੀ, ਮਰੂਏ ਆਦਿ ਦੇ ਝਾੜੀਦਾਰ ਬੂਟੇ ਗਾਚੀਆਂ ਪੱਟਕੇ ਲਿਆ ਲਗਾਏ। ਇਥੇ ਇਕ ਥਾਂ ਕੁਛ ਨੀਵਾਂ ਜਿਹਾ ਕੁਦਰਤੀ ਹੈਸੀ, ਜਿਸ ਵਿਚ ਸੋਮੇ (seepage) ਦਾ ਸ੍ਵਛ ਜਲ ਕੱਠਾ ਹੋਇਆ ਰਹਿੰਦਾ ਸੀ। ਇਸਨੂੰ ਹੋਰ ਖੁਦਾਈ ਕਰਕੇ ਹੋਰ ਨੀਵਾਂ ਕਰ ਲੀਤਾ ਗਿਆ ਤੇ ਇਕ ਨਿੱਕੇ ਜਿਹੇ ਤਲਾਉ ਦੀ ਸੂਰਤ ਦੇ ਲਈ ਜੋ ਹੁਣ ਤਕ ਹੈ ਤੇ ਰਾਮਸਰ ਨਾਮ ਨਾਲ ਪ੍ਰਸਿੱਧ ਹੈ।

ਨਿੱਕੇ ਜਿਹੇ ਸਰੋਵਰ ਦੇ ਕਿਨਾਰੇ ਤੰਬੂ ਲਾਇਆ ਗਿਆ। ਉਸ ਅਗੇ ਇਕ ਸ਼ਾਮਿਯਾਨਾ ਤਾਣਿਆ ਗਿਆ, ਦੁਆਲੇ ਕਨਾਤ ਫੇਰੀ ਗਈ। ਸਾਂਭਣ ਸਿਤ੍ਰਣ ਲਈ ਸੰਦੂਕ, ਲਿਖਣ ਦੇ ਲਈ ਕਾਗਜ਼, ਸਿਆਹੀ, ਕਲਮਾਂ, ਚੌਕੀ ਆਦਿ ਸਾਮਾਨ ਇਕੱਠੇ ਕਰਕੇ ਤਿਆਰੀ ਪੂਰੀ ਕਰ ਲਈ ਗਈ। ਭਾਈ ਗੁਰਦਾਸ ਜੀ ਨੂੰ ਲਿਖਾਰੀ ਦੇ ਕੰਮ ਤੇ ਲਾਕੇ ਇਸ ਸੰਬੰਧੀ ਸਾਰੇ ਕਾਰਜ ਦੀ ਸੌਂਪਣਾ ਤੇ ਲਾ ਦਿੱਤਾ। ਉਧਰ ਆਈਆਂ ਸੰਗਤਾਂ ਦੀ ਸੰਭਾਲ ਤੇ ਉਪਦੇਸ਼ ਦੇ ਕੰਮ ਅਤੇ ਸ੍ਰੀ ਹਰੀਮੰਦਰ ਵਿਚ ਕੀਰਤਨ ਆਦਿ ਕਾਰਜਾਂ ਤੇ ਬਾਬਾ ਬੁੱਢਾ ਜੀ ਨੂੰ ਥਾਪ ਦਿੱਤਾ।

ਐਉਂ ਆਪ ਵਿਹਲੇ ਹੋਕੇ ਗੁਰਬਾਣੀ ਦੀ ਰਚਨਾ ਤੇ ਸੰਕਲਨਾਂ ਦੇ ਸਰਬ ਕਾਲ ਸੁਖਦਾਈ ਕਾਰਜ ਤੇ ਲਗ ਪਏ।

ਸ੍ਰੀ ਗੁਰੂ ਜੀ ਨੇ ਤਿਆਰ ਹੋਣ ਵਾਲੀ ਪਾਵਨ ਬੀੜ ਦੀ ਵੰਡ ਰਾਗਾਂ ਅਨੁਸਾਰ ਹੀ ਰਖੀ। ਹਰ ਰਾਗ ਵਿਚ ਬਾਣੀ ਦਾ ਕ੍ਰਮ (ਤਰਤੀਬ) ਇਸ ਪ੍ਰਕਾਰ ਰਖਿਆ: ਪਹਿਲਾਂ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫੇਰ ਸ੍ਰੀ ਗੁਰੂ ਅਮਰਦਾਸ ਜੀ ਦੀ, ਫੇਰ ਸ੍ਰੀ ਗੁਰੂ ਰਾਮਦਾਸ ਜੀ ਦੀ, ਉਪ੍ਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ, ਅਰਥਾਤ ਅਪਣੀ ਉਚਾਰੀ ਬਾਣੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਬੜੀ ਥੋੜੀ ਹੈ, ਜੋ ਸਲੋਕਾਂ ਦੇ ਰੂਪ

ਵਿਚ ਵਾਰਾਂ ਵਿਚ ਰੱਖੀ। ਮਹੱਲੇ ਵਾਰ ਵੰਡ ਤੋਂ ਛੁੱਟ ਇਕ ਹੋਰ ਵੰਡ ਬੀ ਕੀਤੀ। ਪਹਿਲੇ ਛੋਟੇ ਸ਼ਬਦ ਮਹੱਲੇ ਤੇ ਘਰ ਵਾਰ, ਫਿਰ ਅਸ਼ਟਪਦੀਆਂ ਉਸੇ ਕ੍ਰਮ ਵਿਚ, ਫਿਰ ਹੋਰ ਵਡੀਆਂ ਬਾਣੀਆਂ, ਛੰਤ ਵਾਰਾਂ ਆਦਿ ਤੇ ਉਸਤੋਂ ਮਗਰੋਂ ਭਗਤਾਂ ਦੀ ਬਾਣੀ। ਪੰਜਾਂ ਹੀ ਗੁਰੂ ਸਾਹਿਬਾਂ ਦੀ ਬਾਣੀ ਵਿਚ ਨਾਮ 'ਨਾਨਕ' ਆਉਂਦਾ ਹੈ, ਕਿਉਂਕਿ ਹਰ ਗੁਰੂ ਸਾਹਿਬ ਗੁਰੂ ਨਾਨਕ ਰੂਪ ਸਨ। ਸੋ ਇਹ ਕੀਕੂੰ ਪਤਾ ਲਗੇ ਕਿ ਕੋਈ ਰਚਨਾ ਕਿਸ ਗੁਰੂ ਸਾਹਿਬ ਦੀ ਬਾਣੀ ਹੈ? ਸੋ ਪਾਵਨ ਬੀੜ ਦੇ ਹਰ ਸ਼ਬਦ ਦੇ ਉਪਰ ਮਹਲਾ ਪਹਿਲਾ, ਦੂਜਾ, ਤੀਜਾ, ਚਉਥਾ, ਪੰਜਵਾਂ ਆਦਿ ਲਿਖਿਆ ਹੁੰਦਾ ਹੈ, ਜਿਸ ਤੋਂ ਪਤਾ ਲਗ ਜਾਂਦਾ ਹੈ ਕਿ ਉਹ ਕਿਸ ਪਾਤਸ਼ਾਹੀ ਦਾ ਸ਼ਬਦ ਹੈ। ਇਉਂ ਇਹ ਕਾਰਜ ਰੋਜ਼ ਹੋਣ ਲਗ ਪਿਆ। ਕਿਤਨਾ ਚਿਰ ਲਗਾ? ਠੀਕ ਪਤਾ ਨਹੀਂ ਪਰ ਬੀੜ ਦੇ ਦਰਸ਼ਨਾਂ ਤੋਂ ਅਨੁਮਾਨ ਹੁੰਦਾ ਹੈ ਕਿ ਬਹੁਤ ਸਾਰਾ ਸਮਾਂ ਲਗਾ ਹੈ। ਅੰਤ ਭਾਦੋਂ ਵਦੀ ੧ ਸੰਮਤ ੧੬੬੧ ਬਿ: ਨੂੰ ਇਹ ਪਾਵਨ ਬੀੜ ਸੰਪੂਰਣ ਹੋ ਗਈ, ਜਿਸ ਦਿਨ ਕਿ ਇਸਦਾ ਸੂਚੀ ਪੱਤ੍ਰ (ਤਤਕਰਾ) ਲਿਖਿਆ ਗਿਆ।

ਇਹ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਗਤ ਦੇ ਉਧਾਰ ਲਈ ਕੀਤਾ ਕਿ ਸਦਾ ਲਈ ਸਤਿਗੁਰਾਂ ਦਾ ਹਿਰਦਾ, ਉਨ੍ਹਾਂ ਦੀ ਆਤਮ ਜੋਤਿ; ਸ਼ਬਦ ਰੂਪ ਈਸ਼੍ਵਰ ਸਰੂਪਤਾ, ਪਾਰਬ੍ਰਹਮ ਪ੍ਰਭੂ ਦਾ ਪੂਰਨ ਗਿਆਨ ਜਗਤ ਜੀਵਾਂ ਨੂੰ ਪ੍ਰਾਪਤ ਰਹੇ। ਦੂਸਰੀ ਲੋੜ ਸੀ ਇਸ ਸਰੂਪ ਵਿਚ ਰਚਨਾਂ, ਜੋ ਸਚਮੁਚ ਦੈਵੀ ਉਚਾਰਨ ਹਾਰਾਂ ਦੀ ਹੈ, ਉਹ ਪਰਮ ਸ਼ੁਧ ਰੂਪ ਵਿਚ ਚੜ੍ਹੇ। ਕਿਉਂਕਿ ਅਜੇ ਪੰਜਾਹ ਸੱਠ ਵਰ੍ਹੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੱਚਖੰਡ ਪਿਆਨਾ ਕੀਤਿਆਂ ਹੋਏ ਸੀ ਕਿ ਇਹ ਅਨਰਥ ਹੋਣ ਲਗ ਪਿਆ ਸੀ ਕਿ ਲੋਕੀ ਆਪ ਪਦੇ ਰਚਕੇ 'ਨਾਨਕ' ਦੀ ਛਾਪ ਵਿਚ ਲਿਖਕੇ ਪ੍ਰਚਾਰਨ ਲਗ ਪਏ ਸਨ। ਸੋ ਗੁਰੂ ਜੀ ਨੇ ਇਹ ਵਿਤ੍ਰੇਕ ਬੀ ਕਰਨਾ ਸੀ। ਮਾਨੁੱਖੀ ਨੁਕਤੇ ਤੋਂ ਪੜਤਾਲ ਤੇ ਨਿਰਣੇ ਦੇ ਸਾਮਾਨ ਗੁਰੂ ਜੀ ਪਾਸ ਮੌਜੂਦ ਸਨ ਤੇ ਪੜਤਾਲ ਆਸਾਨ ਸੀ ਤੇ ਆਤਮਕ ਨੁਕਤੇ ਤੋਂ ਓਹ ਆਪ ਆਤਮ

ਤੱਤ ਵਤਾ ਤੇ ਪਰਮ ਪਰਾਵਰ ਨਾਥ ਸਨ ਹੀ। ਉਨ੍ਹਾਂ ਦੀ ਅੰਤਰ ਮੁਖੀ ਦ੍ਰਿਸ਼ਟੀ ਸਾਰਿਆਂ ਹੀ ਨਿਰਣਿਆਂ ਨੂੰ ਕਰ ਲੈਣ ਲਈ ਸਮਰੱਥ ਸੀ। ਇਸੀ ਤਰ੍ਹਾਂ ਭਗਤਾਂ ਦੀ ਬਾਣੀ ਵਿਚ ਤਾਂ ਆਖੇਪ ਬੇਹੱਦ ਹੋ ਚੁਕੇ ਸਨ, ਉਹਨਾਂ ਦੀ ਛਾਂਟ ਕਰਕੇ ਸੋਧਿਆ ਤੇ ਇਸ ਸੋਧੀ ਹੋਈ ਨੂੰ ਲਿਖਜਾ ਹੈ ਕਿ ਆਤਮ ਬਲ ਨਾਲ ਭਗਤਾਂ ਤੋਂ ਸਹੀ ਕਰਕੇ ਉਹਨਾਂ ਦੀ ਸ਼ੁੱਧ, ਨਿਰਸੰਸ ਬਾਣੀ ਬੀੜ ਵਿਚ ਚਾੜ੍ਹੀ। ਇਹ ਗਲ ਜ਼ਰੂਰੀ ਨਹੀਂ ਕਿ ਉਨ੍ਹਾਂ ਦੀ ਸਾਰੀ ਬਾਣੀ ਚਾੜ੍ਹੀ ਹੋਵੇ। ਹੋ ਸਕਦਾ ਹੈ ਸਾਰੀ ਹੋਵੇ ਤੇ ਹੋ ਸਕਦਾ ਹੈ ਕਿ ਹੋਰ ਬੀ ਬਾਣੀ ਹੋਵੇ, ਜੋ ਭਗਤਾਂ ਦੀ ਹੋਵੇ ਤੇ ਚਾਹੋ ਓਹ ਆਖੇਪਾਂ ਵਾਲੀ ਹੋਵੇ। ਇਹ ਬੀ ਸੰਭਵ ਹੈ ਕਿ ਭਗਤਾਂ ਨੇ ਨਵੀਨ ਬਾਣੀ ਬੀ ਕੋਈ ਉਸ ਵੇਲੇ ਰਚ ਕੇ ਲਿਖਾਈ ਹੋਵੇ। ਪਰ ਜਿੰਨੀ ਬਾਣੀ ਬੀੜ ਵਿਚ ਚਾੜ੍ਹੀ ਗਈ ਹੈ ਉਹ ਉਨ੍ਹਾਂ ਭਗਤਾਂ ਦੀ ਆਪਣੀ ਹੈ ਤੇ ਇਸ ਵਿਚ ਉਨ੍ਹਾਂ ਦੇ ਆਸ਼ੇ, ਜੀਵਨ ਵਿਚ ਉੱਨਤੀ ਦੇ ਅੱਡ ਅੱਡ ਤਜਰਬੇ ਤੇ ਸਮੇਂ ਦੇ ਭਾਵ ਤੇ ਅੰਤ ਉੱਚ ਪਦ ਪ੍ਰਾਪਤੀ ਪਰ ਸਾਂਈਂ ਦਰੋਂ ਗੁਰੂ ਜਜੋਤੀ ਤੋਂ ਪ੍ਰਾਪਤ ਗਜਾਨ ਦੇ ਭਾਵ ਆ ਗਏ ਹਨ।

ਭਾਈ ਸ਼ੰਕਰ ਦਯਾਲ ਜੀ ਫੈਜ਼ਾਬਾਦੀ ਆਪਣੇ ਜਪੁਜੀ ਦੇ ਟੀਕੇ ਦੇ ਦੀਬਾਚੇ ਵਿਚ ਲਿਖਦੇ ਹਨ ਕਿ ਅਰਸ਼ਾਂ ਵਿਚ 'ਗੁਰੂ ਜਜੋਤੀ' ਇਕ ਸੰਸਾਰ ਦੀ ਸਿਖਜਾ ਦਾਤਾ ਰੱਬੀ ਸ਼ਕਤੀ ਹੈ। ਇਸਦੀ ਤਾਬਿਆ ਸਾਰੇ ਭਗਤ ਤੇ ਇਲਹਾਮੀ ਸਿਖਜਾ ਦਾਤੇ (ਅਵਤਾਰ ਤੇ ਨਬੀ ਆਦਿ) ਆਕੇ ਕੰਮ ਕਰਦੇ ਰਹੇ ਹਨ। ਇਨ੍ਹਾਂ ਪਰ ਗੁਰੂ ਜਜੋਤੀ ਵਲੋਂ ਬਾਣੀ ਉਤਰਦੀ ਰਹੀ ਹੈ। ਜਿਤਨੇ ਐਸੇ ਮਹਾਂ ਪੁਰਖ ਹੋਏ ਸਾਰਿਆਂ ਨੂੰ ਸ਼ਰੀਰ ਵਿਚ ਆਕੇ ਸ਼ਰੀਰ ਵਾਲੇ ਗੁਰੂ ਦੀ ਲੋੜ ਪਈ। ਇਸ ਕਰਕੇ ਏਹ ਸਭ ਗੁਰੂ ਜਜੋਤੀ ਦੀਆਂ ਕਾਇਮ ਮੁਕਾਮ ਵਜਕਤੀਆਂ ਸਨ। ਅਖੀਰ ਕਲਜੁਗ ਵਿਚ ਉਹ ਗੁਰੂ ਜਜੋਤੀ ਆਪ ਪ੍ਰਗਟ ਹੋਈ ਤੇ 'ਗੁਰੂ ਨਾਨਕ' ਕਹਾਈ। ਇਸ ਜਜੋਤੀ ਨੂੰ ਸ਼ਰੀਰ ਧਾਰੀ ਗੁਰੂ ਧਾਰਨ ਨਹੀਂ ਕਰਨਾ ਪਿਆ। ਗੁਰੂ ਜੀ ਨੇ ਆਪ ਫੁਰਮਾਯਾ ਹੈ:- 'ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ

ਸੋਈ ਜੀਉ'॥ (ਸੋਰ:ਮ:੧, ਪੰਨਾ ਪ੯੯) ਪੁਨਾ:- 'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ'॥ (ਰਾਮ:ਮ:੧ ਦ:ਓ:-੪੬, ਪੰਨਾ-੯੩੬) ਆਦਿ ਵਾਕਾਂ ਤੋਂ ਭਾਈ ਸ਼ੰਕਰ ਦਿਆਲ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਇਹ ਮਹਾਨਤਾ ਸਿੱਧ ਕੀਤੀ ਹੈ।

ਜੋ ਬਾਣੀ ਸਤਿਗੁਰਾਂ ਨੇ ਆਪ ਰਚੀ ਉਹ ਗੁਰੂ ਜਯੋਤੀ ਦੀ ਰਚਨਾ ਹੈ। ਜੋ ਭਗਤਾਂ ਦੀ ਬਾਣੀ ਬੀੜ ਵਿਚ ਚੜ੍ਹੀ ਉਹ ਉਸੇ ਗੁਰੂ ਜਯੋਤੀ ਜੀ ਦੇ ਅਰਸ਼ਾਂ ਤੋਂ ਭਗਤਾਂ ਨੂੰ ਬਖਸ਼ੇ ਗਿਆਨ ਤੋਂ ਬਣੀ ਬਾਣੀ ਹੈ, ਇਸੇ ਕਰਕੇ ਭਗਤ ਬਾਣੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ:-

**'ਭਗਤਿ ਜਨਾ ਕੀ ਊਤਮ ਬਾਣੀ, ਜੁਗਿ ਜੁਗਿ ਰਹੀ ਸਮਾਈ॥'**

(ਰਾਮਕਲੀ ਮ:੩ ਅਸ਼ਟ:੨, ਪੰਨਾ-੯੦੯)

-o-

## ੲ- ਭਗਤ ਬਾਣੀ ਕਿਉਂ ਚੜ੍ਹੀ?

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਇਕ ਸੁਮਤਿ ਦਿੱਤੀ, ਜੋ ਇਹ ਸੀ ਕਿ ਅੱਡ ਅੱਡ ਮਤਾਂ ਤੇ ਧਰਮਾਂ ਦੇ ਬੰਦੇ ਪਰਸਪਰ ਵਿਰੋਧ ਨਾ ਕਰਨ; ਧਰਮ ਕੀਹ ਤੇ ਦ੍ਵੈਸ਼ ਕੀਹ? ਆਪ ਨੇ ਸਿਖਲਾਇਆ ਕਿ ਹਰ ਮਤ ਵਿਚੋਂ ਸੱਚ ਗ੍ਰਹਣ ਕਰੋ। ਕਿਸੇ ਮਤ ਦੇ ਬਜ਼ੁਰਗ ਨੂੰ ਬੁਰਾ ਨਾ ਕਹੋ। ਅਪਣੇ ਧਰਮ ਵਿਚ ਪੱਕੇ ਰਹੋ, ਅਪਣੇ ਇਸ਼ਟ ਦੇਵ ਦੇ ਪ੍ਰੇਮ ਵਿਚ ਰਹੋ ਤੇ ਉਸਦੀ ਸਿਖਯਾ, ਉਪਦੇਸ਼, ਬਾਣੀ ਤੇ ਧਯਾਨ ਪ੍ਰੀਤ ਆਸਰੇ ਅਪਣੇ ਮਨ ਨੂੰ ਏਕਾਗ੍ਰ ਕਰੋ ਤੇ ਸਾਂਈਆਂ ਵਾਹਿਗੁਰੂ ਜੀ ਦੀ ਲੱਖਤਾ ਤੱਕ ਅੱਪੜ ਪਵੋ।

ਇਹ ਸੁਮਤੀ ਜੋ ਗੁਰੂ ਜੀ ਨੇ ਦਿੱਤੀ ਉਸਦੀ ਅਮਲੀ ਤਸਵੀਰ ਖਿੱਚ ਵਿਖਾਈ ਅਪਣੇ ਚਲਾਏ ਸਿੱਖੀ ਮਾਰਗ ਦੀ ਰਾਹਨੁਮਾ ਹੋਣ ਵਾਲੀ ਧਰਮ ਪੁਸਤਕ ਵਿਚ ਕਿ ਅਪਣੇ ਸਿਵਾ ਹੋਰਨਾਂ ਮਜ਼ਹਬਾਂ, ਜਾਤੀਆਂ ਤੇ

ਖ਼ਿਆਲਾਂ ਦੇ ਵਡਕਿਆਂ ਦੀ ਬਾਣੀ ਉਸ ਵਿਚ ਦਰਜ ਕੀਤੀ। ਮੁਸਲਮਾਨ, ਹਿੰਦੂ, ਸ਼ੈਵੀ, ਵੈਸ਼ਨਵ, ਸੂਫ਼ੀ, ਹਰ ਭਲੇ ਪੁਰਖ ਦੀ ਬਾਣੀ ਲਈ। ਜਿਸ ਜਿਸ ਨੂੰ, ਚਾਹੇ ਉਹ ਕਿਸੇ ਮਤ ਦਾ ਸੀ, ਅਖੀਰ ਨਿਰਗੁਣ ਪ੍ਰਭੂ ਦੀ ਪ੍ਰਾਪਤੀ ਹੋ ਗਈ ਸਹੀ ਕੀਤੀ, ਉਸ ਉਸ ਦੀ ਬਾਣੀ ਲੈ ਲਈ। ਉਸਦੀ ਬਾਣੀ ਵਿਚ ਉਸਦੀ ਪਹਿਲੀ ਅਵਸਥਾ, ਜਦੋਂ ਉਹ ਲਗਾ, ਉਸਦੀ ਸਾਧਨ ਕਾਲ ਦੀ ਅਵਸਥਾ, ਉਸਦੇ ਈਸ਼੍ਵਰ ਲੱਖਤਾ ਵਿਚ ਅੱਪੜ ਕੇ ਉਚਾਰੇ ਵਾਕ ਲੈ ਲਏ। ਜਿਥੇ ਕਿਤੇ ਲੋੜ ਸਮਝੀ, ਉਨ੍ਹਾਂ ਦੇ ਖਿਆਲ ਦੀ ਦਰੁਸਤੀ ਬੀ ਨਾਲ ਹੀ ਕਰ ਦਿੱਤੀ, ਜਿਵੇਂ ਕਿ ਬਾਬੇ ਫਰੀਦ ਨੇ ਕਿਹਾ:-

**"ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥**
**ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥੫੧॥"**

ਗੁਰੂ ਤੀਸਰੇ ਪਾਤਸ਼ਾਹ ਦਾ ਵਾਕ ਨਾਲ ਹੀ ਲਿਖਿਆ ਗਿਆ:-

**"ਮ:੩॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥ ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥ ਭੈ ਪਾਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥ ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥ ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ॥੫੨॥"** (ਪੰਨਾ-੧੩੮੦)

ਇਸ ਪ੍ਰਕਾਰ ਦੀ ਦਰਯਾ ਦਿਲੀ ਤੇ ਸਮ ਦ੍ਰਿਸ਼ਟੀ ਗੁਰੂ ਸਾਹਿਬਾਂ ਵਿਚ ਹੀ ਪ੍ਰਤੱਖ ਦਿੱਸ ਰਹੀ ਹੈ, ਜੋ ਅੱਜ ਸਾਨੂੰ ਪਾਵਨ ਬੀੜ ਵਿਚ ਭਗਤ ਬਾਣੀ ਦੇ ਰੂਪ ਵਿਚ ਨਜ਼ਰ ਪੈ ਰਹੀ ਹੈ।

-੦-

## ਸ- ਪਾਵਨ ਬੀੜ ਸੰਬੰਧੀ ਹੋਰ ਗੱਲਾਂ

### (੧. ਬਾਵਨ ਅੱਖਰੀ)*

ਸ੍ਰੀ ਗੁਰੂ ਜੀ ਦਾ ਸਮਾਂ ਹੁਣ ਬਹੁਤਾ ਯਾ ਲਗਪਗ ਸਾਰਾ ਰਾਮਸਰ ਇਸੇ ਸ਼ੁਭ ਕਾਰਜ ਤੇ ਖਰਚ ਹੁੰਦਾ ਸੀ। ਕਦੇ ਕਦੇ ਆਪ ਜੀ ਸੰਗਤਾਂ ਨੂੰ ਦਰਸ਼ਨ ਦੇਣ ਸ੍ਰੀ ਹਰਿਮੰਦਰ ਸਾਹਿਬ ਆਇਆ ਕਰਦੇ ਸੇ। ਇਕ ਦਿਨ ਦੁਪਹਿਰਾਂ ਵੇਲੇ ਆ ਗਏ। ਆਈਆਂ ਸੰਗਤਾਂ ਨੂੰ ਦਰਸ਼ਨ ਤੇ ਉਪਦੇਸ਼ ਦੇ ਕੇ ਮੁੜ ਆਏ। ਆਪ ਕਿਸੇ ਐਸੇ ਰੰਗ ਵਿਚ ਆਏ ਕਿ ਆਕੇ ਸੁਹਣੇ ਆਸਣ ਤੇ ਬਿਰਾਜ ਗਏ ਤੇ ਭਾਈ ਗੁਰਦਾਸ ਜੀ ਇਸ਼ਾਰਾ ਸਮਝਕੇ ਕਲਮ ਦੁਆਤ ਕਾਗਜ਼ ਲੈ ਕੇ ਬੈਠ ਗਏ, ਜਿਵੇਂ ਕਿਸੇ ਅਡੋਲ ਚਸ਼ਮੇ ਦਾ ਸੁਤੇ ਪ੍ਰਵਾਹ ਆ-ਮੁਹਾਰਾ ਨਿਕਲ ਤੁਰਦਾ ਹੈ, ਆਪਦੀ ਰਸਨਾਂ ਤੋਂ ਉਚਾਰ ਸ਼ੁਰੂ ਹੋਇਆ। ਭਾਈ ਜੀ ਉਸੇ ਤਰ੍ਹਾਂ ਅਡੋਲ ਬੈਠੇ ਲਿਖਣ ਲਗ ਪਏ। ਸ੍ਰੀ ਗੁਰੂ ਜੀ ਪਹਿਲਾਂ ਇਕ ਸਲੋਕ ਉਚਾਰਦੇ ਫੇਰ ਇਕ ਪਉੜੀ। ਪਉੜੀ ਦੇ ਭਾਵ ਕਿਸੇ ਨਾ ਕਿਸੇ ਸ਼ਕਲ ਵਿਚ ਸ਼ਲੋਕ ਵਿਖੇ ਆਏ ਉਪਦੇਸ਼ ਦਾ ਭਾਵ ਯਾ ਵਿਸਥਾਰ ਸਹਾਇਕ ਹੁੰਦੇ। ਇਸ ਵਿਚ ਅੱਖਰ ਕ੍ਰਮ ਲੀਤਾ ਗਿਆ ਸੀ। ਇਕ ਇਕ ਅੱਖਰ ਲੈ ਕੇ ਪਉੜੀ ਆਰੰਭ ਹੁੰਦੀ ਹੈ। ਸਮਾਪਤੀ ਪਰ ਇਸ ਬਾਣੀ ਦਾ ਨਾਮ ਹੀ ਬਾਵਨ ਅੱਖਰੀ ਰਖਿਆ। ਬਾਵਨ ਅੱਖਰੀ ਤੋਂ ਭਾਵ ਹੈ ਵਰਣ ਮਾਲਾ ਦੇ ਅੱਖਰ ਕ੍ਰਮ ਵਾਲੀ ਬਾਣੀ। ਬਾਵਨ ਅਖਰ ਦਾ ਅਖਰੀ ਅਰਥ ਹੈ ੫੨ ਅਖਰ ਜੋ ਸੰਸਕ੍ਰਿਤ ਵਾਲੇ ਆਪਣੀ ਵਰਣਮਾਲਾ ਦੇ ਲਿਖਦੇ ਹਨ। ਪਰ ਬਾਵਨ ਅਖਰੀ ਦਾ ਅਰਥ ਹੈ ਵਰਣ ਮਾਲਾ, ਜਿਵੇਂ ਫ਼ਾਰਸੀ ਵਾਲੇ 'ਸੀ ਹਰਫ਼ੀ' (ਤੀਹ ਅਖਰਾਂ ਵਾਲੀ) ਤੇ ਗੁਰਮੁਖੀ ਵਾਲੇ 'ਪੈਂਤੀ' ਅਪਣੀ ਵਰਣ ਮਾਲਾ ਨੂੰ ਆਖ ਲੈਂਦੇ ਹਨ।

---

* ਗੁਰੂ ਗ੍ਰੰਥ, ਪੰਨਾ-੨੪੨

ਇਸ ਬਾਣੀ ਵਿਚ ਕ੍ਰਮ ਅਖਰਾਂ ਦਾ ਸੰਸਕ੍ਰਿਤ ਵਾਲਾ ਨਹੀਂ ਪਰ ਪਾਂਧੇ ਜਿਵੇਂ ਇਕ ਇਕ ਅਖਰ ਲੈਕੇ ਨਾਲ ਤੁਕਬੰਦੀਆਂ ਜੋੜਕੇ ਸ਼ਾਗਿਰਦਾਂ ਤੋਂ ਉਚਰਵਾਉਂਦੇ ਸਨ, ਉਸ ਤਰ੍ਹਾਂ ਦੇ ਉਚਾਰੇ ਜਾਂਦੇ ਅਖਰਾਂ ਨੂੰ ਹੀ ਲੈਕੇ ਪਰਮਾਰਥਕ ਉਪਦੇਸ਼ ਰੂਪ ਇਹ ਬਾਣੀ ਰਚੀ ਗਈ ਸਹੀ ਹੁੰਦੀ ਹੈ। ਜਿਵੇਂ ਅ, ੳ, ਓ, ਅੰ, ਅ: ਨੂੰ ਓਹ ਅਯ ਔਙੈ ਉਚਾਰਦੇ ਸਨ। ਪਾਂਧੇ ਪਹਿਲੇ ਮੰਗਲ ਰੂਪ ਕਰਕੇ ਪੱਟੀ ਤੇ 'ਓਨਮ ਸਿਧੰ' ਯਾ 'ਓਅੰ ਸਿਧੰਙਾਯ' ਲਿਖਦੇ ਸਨ, ਤਿਵੇਂ ਇਥੇ ਅ, ਸ, ਧ, ਙ, ਯ ਅਖਰ ਪਹਿਲੋਂ ਲਏ ਹਨ। ਅਗਲਾ ਅਖਰ ਕ੍ਰਮ ਬੀ ਪ੍ਰਚਲਿਤ ਤ੍ਰੀਕਾ ਪਾਂਧਿਆਂ ਦੇ ਉਚਾਰਨ ਵਾਂਙੂ ਹੀ ਹੈ। ਇਸੇ ਪ੍ਰਕਾਰ ਦੇ ਕਿਸੇ ਕ੍ਰਮ ਵਿਚ ਸ੍ਰੀ ਕਬੀਰ ਜੀ ਨੇ ਬਾਵਨ ਅਖਰੀ ਲਿਖੀ ਹੈ, ਜੋ ਬੀ ਪਾਵਨ ਬੀੜ ਵਿਚ ਗਉੜੀ ਰਾਗ ਵਿਚ ਹੀ ਪੰਨਾ ੩੪੦ 'ਤੇ ਆਈ ਹੈ।

-o-

## (੨. ਸੁਖਮਨੀ ਸਾਹਿਬ)*

**ਰਾਮਸਰ** ਸਰੋਵਰ ਦੇ ਪੂਰਬਲੇ ਪਾਸੇ ਇਕ ਬੇਰੀ ਦਾ ਪੁਰਾਤਨ ਬ੍ਰਿੱਛ ਹੁਣ ਤੱਕ ਖੜਾ ਹੈ। ਇਸ ਦੇ ਹੇਠ ਉਹ ਥਾਂ ਹੁਣ ਤੱਕ ਦੱਸੀ ਜਾਂਦੀ ਹੈ ਤੇ ਲਿਖੀ ਹੈ ਕਿ ਇਥੇ ਬੈਠਕੇ ਆਪ ਜੀ ਨੇ ਸੁਖਮਨੀ ਨਾਮੇ ਬਾਣੀ ਉਚਾਰੀ, ਜੋ ਤਿਆਰ ਹੋ ਰਹੀ ਪਾਵਨ ਬੀੜ ਵਿਚ ਗਉੜੀ ਰਾਗ ਵਿਚ ਰੱਖੀ ਗਈ।

ਇਸ ਬਾਣੀ ਵਿਚ ੨੪ ਸ਼ਲੋਕ ਅਤੇ ੨੪ ਅਸਟਪਦੀਆਂ ਹਨ। ਹਰ ਅਸਟਪਦੀ ਵਿਚ ਅੱਠ ਪਦੇ ਹਨ ਤੇ ਹਰ ਪਦੇ ਵਿਚ ੧੦ ਤੁਕਾਂ। ਸ਼ਲੋਕ ਵਿਚ ਸਮੁੱਚੇ ਤੌਰ ਤੇ ਅਸਟਪਦੀ ਦਾ ਭਾਵ ਆ ਜਾਂਦਾ ਹੈ।

ਇਸ ਬਾਣੀ ਵਿਚ ਨਾਮ ਦੀ ਮਹਿੰਮਾ, ਮਹਾਤਮ ਤੇ ਵਿਦਜਾ ਦਰਸਾਈ ਹੈ ਤੇ ਭਗਤੀ ਅਰ ਯਥਾਰਥ ਗਜਾਨ ਨਿਰੂਪਣ ਕੀਤੇ ਹਨ।

---

* ਗੁਰੂ ਗ੍ਰੰਥ, ਪੰਨਾ-੨੬੨

ਅਖੀਰਲੀ ਅਸਟਪਦੀ ਵਿਚ ਨਾਮ ਦੇ ਮਹਾਤਮ ਨਾਲ ਸੁਖਮਨੀ ਦਾ ਸਾਰਾ ਮਹਾਤਮ ਲਿਖਿਆ ਹੈ।

ਸੁਖਮਨੀ ਦੇ ਅਰਥ ਹਨ : ਸੁਖ-ਮਨ-ਈ=ਮਨ ਨੂੰ ਸੁਖ ਦੇਣਹਾਰ। ਦੇਖੋ ਪਹਿਲੀ ਅਸਟਪਦੀ ਪਹਿਲੀ ਪਉੜੀ ਰਹਾਉ:-

**"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
**ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥"**

ਅੰਤਲੀ ਅਸਟਪਦੀ ਦੇ ਪੰਜਵੇਂ ਅੰਕ ਵਿਚ:-

**"ਸੁਖਮਨੀ ਸਹਜ ਗੋਬਿੰਦ ਗੁਨ ਨਾਮ॥**
**ਜਿਸੁ ਮਨਿ ਬਸੈ ਸੁ ਹੋਤੁ ਨਿਧਾਨ॥"**

ਪੁਨਾ- **ਨਾਨਕ ਇਹ ਗੁਣਿ ਨਾਮ ਸੁਖਮਨੀ॥**

(ਅ) ਸੁਖਮਨੀ ਦੀ ਅੰਤਲੀ ਅਸਟਪਦੀ ਵਿਚ-

**"ਉਤਮ ਸਲੋਕ ਸਾਧ ਕੇ ਬਚਨ॥**
**ਅਮੁਲੀਕ ਲਾਲ ਏਹਿ ਰਤਨ॥"**

ਪਾਠ ਹੋਣ ਤੇ ਸੰਪ੍ਰਦਾਈ ਗਿਆਨੀ ਉਪਰਲੇ ਅਰਥ ਦੇ ਨਾਲ ਦੂਸਰਾ ਅਰਥ- **'ਸੁਖਾ ਦੀ ਮਣੀ'** ਬੀ ਕਰਦੇ ਹਨ।

ਸੁਖਮਨੀ ਰਚਣ ਦਾ ਸਮਾਂ ੧੬੬੧ ਬਿ: ਤੋਂ ਪਹਿਲਾਂ ਦਾ ਹੈ, ਜਦੋਂ ਕਿ ਇਹ ਪਵਿਤ੍ਰ ਬੀੜ ਵਿਚ ਸ਼ਾਮਲ ਹੋਈ। ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਬਾਣੀ ੧੬੫੮-੫੯ ਬਿ: ਦੇ ਲਗਪਗ ਰਚੀ ਗਈ ਸੀ। ਸਿੱਖਾਂ ਵਿਚ ਸੁਖਮਨੀ ਦੇ ਪਾਠ ਦਾ ਬਹੁਤ ਪ੍ਰੇਮ ਹੈ। ਨਿਤਨੇਮ ਤੋਂ ਵੱਖਰੀ ਅਪਣੀ ਖੁਸੀ ਨਾਲ ਨਿਤਨੇਮ ਵਾਂਙੂ ਹੀ ਪੜੀ ਜਾਂਦੀ ਹੈ।

ਸੁਖਮਨੀ ਦੀ ਬੋਲੀ ਵਿਚ ਪਦਾਂ ਦੀ ਚੋਣ ਤੇ ਇਬਾਰਤ ਦੀ ਬੰਦਸ਼ ਵਿਚ ਸ੍ਰੀ ਗੁਰੂ ਜੀ ਨੇ ਪੰਜਾਬੀ ਤੇ ਹਿੰਦੀ ਦੇ ਚੋਣਵੇਂ ਸੰਮੇਲਨ ਦਾ ਕਮਾਲ ਕੀਤਾ ਹੈ; ਇਸ ਦੀ ਬੋਲੀ ਨੂੰ ਪੰਜਾਬੀ ਤੇ ਹਿੰਦੁਸਤਾਨੀ ਦੋਵੇਂ ਬਖੂਬੀ ਸਮਝ ਲੈਂਦੇ ਹਨ।

ਕਿਸੇ ਨੇ ਪੁਰਾਣੇ ਸਮੇਂ ਸੁਖਮਨੀ ਦਾ ਫਾਰਸੀ ਵਿਚ ਤਰਜਮਾ ਕੀਤਾ ਸੀ, ਜੋ ਪੈਰਿਸ ਦੀ ਕੌਮੀ ਲਾਇਬ੍ਰੇਰੀ ਵਿਚ ਪਿਆ ਹੈ; ਇਸਦਾ ਉਤਾਰਾ ਹੁਣ ਛਪ ਚੁਕਾ ਹੈ।

ਖਾਲਸਾ ਟ੍ਰੈਕਟ ਸੁਸਾਇਟੀ ਨੇ ਹਿੰਦੀ ਲਿਪੀ ਵਿਚ ਅਰਥਾਂ ਸਣੇ ਸੁਖਮਨੀ ਛਾਪੀ ਹੈ। ਇਸ ਬਾਣੀ ਦਾ ਪਾਠ ਬੰਗਾਲ ਵਿਚ ਬੀ ਸ਼ੁਰੂ ਹੈ।

ਗੁਰਬਾਣੀ ਸਾਰੀ ਹੀ ਅੰਮ੍ਰਿਤ ਹੈ। ਮਿਸਰੀ ਦੀ ਡਲੀ ਨੂੰ ਜਿਸ ਪਾਸਿਓਂ ਚਖੋ ਮਿਠੀ ਹੀ ਹੁੰਦੀ ਹੈ। ਤਿਵੇਂ ਸੁਖਮਨੀ-ਸੁਖਾਂ ਦੀ ਦਾਤੀ-ਗੁਰਬਾਣੀ ਹੈ। ਪਰ ਇਸ ਦੀ ਬੋਲੀ, ਇਸ ਦੀ ਬੰਦਸ਼, ਇਸਦਾ ਕੁਦਰਤੀ ਚਲ ਰਿਹਾ ਮਿਠਾ ਪ੍ਰਵਾਹ, ਇਸ ਵਿਚ ਪ੍ਰਗਟੇ ਆਤਮ ਉਧਾਰ ਦੇ ਸੁਤੇ ਤੇ ਸਹਜ ਭਾਵ ਦੇ ਉਪਾਉ, ਇਉਂ ਚਲਦੇ ਹਨ ਕਿ ਪ੍ਰੇਮ ਤੇ ਆਤਮ ਰਸ ਦਾ ਮਾਨੋ ਇਕ ਅਰੋਕ ਪ੍ਰਵਾਹ ਚਲ ਰਿਹਾ ਹੈ। ਇਸ ਦੀ ਪ੍ਰੇਰਨਾ ਪ੍ਰੇਰਨਾ ਤਾਂ ਹੈ ਪਰ ਸਹਜੇ ਵਸਦੀ ਬਰਖਾ ਦੇ ਆਪੇ ਹੀ ਭੂਮੀ ਵਿਚ ਸਿੰਮਦੇ ਜਾਣ ਵਾਂਙੂ ਦਿਲ ਭੂਮੀ ਵਿਚ ਪੜ੍ਹਦੇ ਯਾ ਸੁਣਦੇ ਆਪੇ ਹੀ ਸਿੰਜਰਦੇ ਤੇ ਸਮਾਉਂਦੇ ਜਾਣ ਵਾਂਙੂ ਹੈ। ਕਿਸੇ ਧਰਮ ਵਾਲਾ, ਕਿਸੇ ਸੰਪ੍ਰਦਾ ਵਾਲਾ, ਕਿਸੇ ਮਤਿ ਵਾਲਾ, ਜੋ ਈਸ਼੍ਵਰ ਦਾ ਰਾਹ ਲੱਭਦਾ ਹੋਵੇ, ਇਸਦੇ ਪਾਠ ਨਾਲ ਨਾ ਕੇਵਲ ਸੁਖੀ ਹੁੰਦਾ ਹੈ ਸਗੋਂ ਪੂਰਨ ਤ੍ਰਿਪਤੀ ਨੂੰ ਪਹੁੰਚਦਾ ਹੈ। ਇਸ ਦੇ ਵਿਚ ਹੀ ਲਿਖਿਆ ਹੈ:-

**'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
**ਭਗਤ ਜਨਾ ਕੈ ਮਨਿ ਬਿਸ੍ਰਾਮ॥'**

-0-

## (੩. ਟਿਕੇ ਦੀ ਵਾਰ)

**ਇਕ** ਹੋਰ ਸੁੰਦਰਤਾ ਦੇਖੋ: ਆਪਣੇ ਦਰ ਦੇ ਢਾਡੀਆਂ ਸਤਾ ਬਲਵੰਡ ਦੀ ਬਾਣੀ ਬੀ ਪਾਵਨ ਬੀੜ ਵਿਚ ਚਾੜ੍ਹੀ ਹੈ, ਜਿਸ ਨੂੰ ਆਮ ਬੋਲੀ ਵਿਚ 'ਟਿਕੇ ਦੀ ਵਾਰ' ਕਿਹਾ ਜਾਂਦਾ ਹੈ। ਇਸ ਵਿਚ ਪੰਜਾਂ ਸਤਿਗੁਰਾਂ ਬਾਬਤ ਅਖੀਂ ਡਿਠੇ ਕਈ ਹਾਲ, ਹਡ-ਵਰਤੀਆਂ ਮਿਹਰਬਾਨੀਆਂ, ਜਗਤ ਤੇ ਹੁੰਦੇ ਉਪਕਾਰ ਦੇਖੇ ਤੇ ਵਰਣਨ ਕੀਤੇ ਹਨ। ਪੰਜ ਪਉੜੀਆਂ ਵਿਚ ਤਾਂ ਪਹਿਲੀ ਪਾਤਸ਼ਾਹੀ ਤੋਂ ਗੁਰੂ ਅੰਗਦ ਦੇਵ ਜੀ ਨੂੰ ਮਿਲੀ ਗਦੀ ਤੇ ਫੇਰ ਗੁਰੂ ਅੰਗਦ ਦੇਵ ਜੀ ਦਾ ਸੁੰਦਰ ਜ਼ਿਕਰ ਹੈ, ਅੱਗੇ ਫੇਰ ਇਕ ਇਕ ਪਉੜੀ ਤੀਜੇ, ਚੌਥੇ ਤੇ ਪੰਜਵੇਂ ਸਤਿਗੁਰਾਂ ਦੀ ਗੱਦੀ ਨਿਸ਼ੀਨੀ ਵੇਲੇ ਉਚਾਰੀ ਗਈ ਸਹੀ ਹੁੰਦੀ ਹੈ। ਇਹ ਵਾਰ ਜਿਸ ਹੋਣੀ ਤੇ ਰਚੀ ਗਈ, ਗੁਰਪ੍ਰਤਾਪ ਸੂਰਜ ਗ੍ਰੰਥ ਮੂਜਬ ਪੰਜਵੇਂ ਸਤਿਗੁਰਾਂ ਦੇ ਸਮੇਂ ਹੋਈ।.......ਪਰ ਮਗਰੋਂ ਮਹਿਮਾ ਪ੍ਰਕਾਸ਼ ਆਦਿ ਪੁਰਾਤਨ ਗ੍ਰੰਥਾਂ ਦੇ ਮਿਲ ਜਾਣ ਤੇ ਇਹ ਵਾਕਿਆ ਦੂਸਰੇ ਪਾਤਸ਼ਾਹ ਦੇ ਸਮੇਂ ਵਰਤਿਆ ਵਧੀਕ ਸਹੀ ਜਾਪਿਆ,.......ਇਸ ਬਾਣੀ ਵਿਚ ਸੱਚੀ ਉਗਾਹੀ ਅਪਣੇ ਨਿਜ ਤਜਰਬੇ ਤੇ ਨਿਜ ਵਾਕਫ਼ੀ ਦੀ ਗੁਰੂ ਸਾਹਿਬਾਂ ਬਾਬਤ ਹੈ ਤੇ ਪਹਿਲੀਆਂ ਪੰਜ ਪਉੜੀਆਂ ਤਾਂ ਦੂਜੇ ਸਾਹਿਬਾਂ ਸੰਬੰਧੀ ਹੀ ਹੈਨ, ਤੇ ਬਾਕੀ ਤ੍ਰੈ ਤੀਸਰੀ, ਚਉਥੀ ਤੇ ਪੰਜਵੀਂ ਪਾਤਸ਼ਾਹੀ ਸੰਬੰਧੀ ਹਨ।

-o-

## (੪. ਸਵਈਏ ਭੱਟਾਂ ਦੇ)

**ਪਾਵਨ** ਬੀੜ ਦੇ ਅੰਤ ਤੋਂ ਕੁਛ ਪਹਿਲੇ ਭਟਾਂ ਦੇ ਸ੍ਵਯੇ ਦਰਜ ਹਨ। ਏਹ ਸ੍ਵਯੇ ਪਰਮ ਵਿਦਵਾਨ ਤੇ ਉੱਚ ਪਾਏ ਦੇ ਕਵੀਆਂ ਦੇ ਰਚਿਤ ਹਨ। ਇਨ੍ਹਾਂ ਵਿਚ ਪਹਿਲੇ ਪੰਜ ਗੁਰੂ ਸਾਹਿਬਾਂ ਦੇ ਗੁਣ ਕਥਨ ਕੀਤੇ ਹਨ।

ਇਨ੍ਹਾਂ ਦੀ ਅੰਦਰਲੀ ਉਗਾਹੀ ਤੋਂ ਲੇਖਕਾਂ ਦੇ ਪਰਮ ਵਿਦਵਾਨ ਤੇ ਉੱਚੇ ਕਵੀ ਹੋਣ ਦੇ ਨਾਲ ਇਕ ਹੋਰ ਗਲ ਸਹੀ ਹੁੰਦੀ ਹੈ ਕਿ ਏਹ ਆਪ ਉੱਚੀ ਰੂਹਾਨੀ ਜ਼ਿੰਦਗੀ ਦੇ ਮੁਤਲਾਸ਼ੀ ਸਨ ਤੇ 'ਸੱਚ' ਦੇ ਢੂੰਢਾਊ ਸਨ, ਇਨ੍ਹਾਂ ਨੂੰ ਗੁਰੂ ਦਰੋਂ ਆਕੇ ਉਹ ਸਚਿਆਈ ਪ੍ਰਾਪਤ ਹੋਈ। ਸੋ ਇਨ੍ਹਾਂ ਦੀ ਰਚਨਾਂ ਦਾ ਇਕ ਹੋਰ ਲਾਭ ਦੁਨੀਆਂ ਨੂੰ ਇਹ ਹੋਇਆ ਹੈ ਕਿ ਗੁਰੂ ਸਾਹਿਬਾਂ ਦੇ ਆਪਣੇ ਸਮੇਂ ਦੇ ਸੱਚ-ਪ੍ਰੇਮੀਆਂ, ਵਿਦਵਾਨਾਂ ਦੀ ਉਗਾਹੀ ਮਿਲ ਗਈ ਕਿ ਸ੍ਰੀ ਗੁਰੂ ਸਾਹਿਬ ਆਪਣੇ ਵਕਤ ਵਿਚ ਅਵਤਾਰ ਕਿ ਪੈਗੰਬਰ ਯਾ ਆਲੂਹੀਅਤ ਦੇ ਸਿਰਤਾਜ ਮੰਨੇ ਗਏ ਸਨ, ਇਹ ਨਹੀਂ ਕਿ ਚੋਖੇ ਸਮੇਂ ਮਗਰੋਂ ਲੋਕਾਂ ਨੇ ਅਲੂਹੀਅਤ ਦੀ ਛਾਪ ਲਈ।

ਦੂਜੇ ਪਾਸੇ ਇਹ ਸ਼ੈ ਪ੍ਰੇਮੀ ਜਗਜਾਸੂਆਂ ਦੇ ਪ੍ਰੇਮ ਵਧਾਉਣ ਦੀ ਸਹਾਯਕ ਹੈ, ਰਸ ਮਈ ਹੈ ਤੇ ਗੁਰ ਸਿੱਖੀ ਦੀਆਂ ਰਮਜ਼ਾਂ ਹੱਲ ਕਰਨ ਦੀ ਸਹਾਯਕ ਹੈ।

ਇਹ ਗਲ ਕਦੇ ਕਦੇ ਕਿਸੇ ਦੇ ਪੁੱਛਣ ਵਿਚ ਆ ਜਾਂਦੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਣੀ ਸਤੁਤੀ ਦੇ ਸੂਯੇ ਪਾਵਨ ਬੀੜ ਵਿਚ ਕਿਉਂ ਦਰਜ ਕੀਤੇ? ਉਨ੍ਹਾਂ ਦੀ ਪਰਮ ਨਿੰਮ੍ਰਤਾ ਭਰੀ ਜ਼ਿੰਦਗੀ ਦੇ ਇਹ ਅਨੁਕੂਲ ਨਹੀਂ ਸੀ।

ਇਹ ਵਿਚਾਰ ਠਹਿਰ ਨਹੀਂ ਸਕਦੀ, ਜਦ ਇਸ ਪਹਿਲੂ ਨੂੰ ਵੀਚਾਰ ਲਈਏ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਿਰਫ 'ਸ੍ਰੀ ਅਰਜਨ ਮਲ' ਯਾ 'ਸ੍ਰੀ ਅਰਜਨ ਦੇਵ' ਨਹੀਂ ਸਨ, ਓਹ ਤਾਂ 'ਸ੍ਰੀ ਗੁਰੂ' ਸਨ-ਸ੍ਰੀ ਗੁਰੂ ਅਰਜਨ ਦੇਵ ਜੀ। ਓਹ ਗੁਰ ਨਾਨਕ ਰੂਪ ਸਨ, ਖੁਦ ਗੁਰੂ ਨਾਨਕ। ਜਦ ਬਾਣੀ ਰਚਦੇ ਸਨ ਤਾਂ ਅੱਗੇ ਛਾਪ ਨਿਰੀ 'ਅਰਜਨ' ਯਾ 'ਦਾਸ ਅਰਜਨ' ਨਹੀਂ ਦੇਂਦੇ, ਪਰ ਓਥੇ 'ਨਾਨਕ' ਲਿਖਦੇ ਹਨ। ਗੋਯਾ ਓਹ ਨਾਨਕ ਹਨ ਤੇ ਜਾਣਦੇ ਹਨ ਕਿ ਨਾਨਕ ਹਾਂ, ਤੇ ਪਿਛਲੀ ਪੱਧਤ ਅਨੁਸਾਰ ਆਪ ਨੂੰ ਨਾਨਕ ਲਿਖਦੇ ਹਨ। ਜਿਸ ਤਰ੍ਹਾਂ ਓਹਨਾਂ ਦਾ ਫਰਜ਼

ਹੈ ਗੁਰ ਨਾਨਕ ਹੋਣ ਕਰਕੇ ਅਪਣੀ ਬਾਣੀ ਵਿਚ 'ਨਾਨਕ' ਛਾਪ ਲਿਖਣ, ਇਸੇ ਤਰ੍ਹਾਂ ਉਨ੍ਹਾਂ ਨੂੰ ਇਹੋ ਬਣਦਾ ਹੈ ਕਿ 'ਪੰਜਵੇਂ ਨਾਨਕ' ਦੀ ਸ਼ਾਨ ਵਿਚ ਉਚਾਰੇ ਗਏ ਸ੍ਵਯੇ ਬੀ ਦਰਜ ਕਰਨ। ਜੇ ਓਹ ਦਰਜ ਨਾ ਕਰਦੇ ਤਾਂ ਇਹ ਇਕ ਨ੍ਰਿਮਤਾ ਦੀ ਪ੍ਰਤੀਕ ਤਾਂ ਜ਼ਰੂਰ ਹੁੰਦੀ ਪਰ ਸੱਚ ਨੂੰ ਛਿਪਾਉਣ ਵਾਲੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਵਿਚ ਜਿਨ੍ਹਾਂ ਸੱਚ ਦੇ ਮੁਤਲਾਸ਼ੀ ਮਹਾਨ ਵਿਦਵਾਨ ਭੱਟਾਂ ਦੀ ਬਾਣੀ ਸ਼ਾਮਲ ਹੈ, ਉਹ ਆਮ ਤੌਰ ਤੇ ਸਤਾਰਾਂ ਗਿਣੇ ਜਾਂਦੇ ਹਨ।

ਪਹਿਲੀ, ਦੂਸਰੀ, ਤੀਸਰੀ, ਚੌਥੀ ਤੇ ਪੰਜਵੀਂ ਪਾਤਸ਼ਾਹੀ ਦੇ ਸਵੱਯਾਂ ਦੇ ਮੁੱਢ ਵਿਚ ਹਰ ਗੁਰੂ ਸਾਹਿਬ ਦੇ ਮੁਤਅੱਲਕ ਕਲ ਭੱਟ ਦੇ ੧੦ ਯਾ ੯ ਸ੍ਵਯੇ ਆਉਂਦੇ ਹਨ, ਪਹਿਲੇ ਦੋ ਪਾਤਸ਼ਾਹੀਆਂ ਦੇ ਤਾਂ ੧੦, ੧੦ ਸ੍ਵਯੇ ਇਸੇ 'ਕਲ' ਕਵੀ ਦੇ ਹਨ। ਇਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਹ ਗੁਰੂ ਨਾਨਕ ਦੇਵ ਜੀ ਦੇ ਵੇਲੇ ਆਪ ਤੋਂ ਕ੍ਰਿਤਾਰਥ ਹੋਇਆ ਹੈ ਤੇ ਪੰਜਵੀਂ ਪਾਤਸ਼ਾਹੀ ਤਕ ਇਹ ਗੁਰੂ ਸਾਹਿਬ ਦੇ ਦਰਸ਼ਨ ਕਰਦਾ ਰਿਹਾ ਹੈ ਤੇ ਦੀਰਘ ਆਯੂ ਵਾਲਾ ਹੋਇਆ ਹੈ। ਯਥਾ :-

**"ਪਾਤਾਲ ਪੁਰੀ ਜੈਕਾਰ ਧੁਨਿ**
**ਕਬਿ ਜਨ ਕਲ ਵਖਾਣਿਓ॥**
**ਹਰਿਨਾਮੁ ਰਸਿਕ ਨਾਨਕ**
**ਗੁਰ ਰਾਜੁ ਜੋਗੁ ਤੈ ਮਾਣਿਓ॥"**
(ਸਵ: ਮ: ੧ ਕੇ ੬)

**"ਸਤਿਗੁਰੂ ਧੰਨੁ ਨਾਨਕੁ ਮਸਤਕਿ**
**ਤੁਮ ਧਰਿਓ ਜਿਨਿ ਹਥੋ॥...**
**ਕਹੁ ਕੀਰਤਿ ਕਲ ਸਹਾਰ**
**ਸਪਤ ਦੀਪ ਮਝਾਰ ਲਹਣਾ**
**ਜਗਤ੍ਰ ਗੁਰੁ ਪਰਸਿ ਮੁਰਾਰਿ॥"**
(ਸਵ: ਮ: ੨ ਕੇ-੧)

"ਭਲਉ ਪ੍ਰਸਿਧੁ ਤੇਜੋ ਤਨੌ
ਕਲ੍ ਜੋੜਿ ਕਰ ਧ੍ਾਇਅਉ॥
ਸੋਈ ਨਾਮੁ ਭਗਤ ਭਵਜਲ
ਹਰਣੁ ਗੁਰ ਅਮਰਦਾਸ ਤੈ ਪਾਇਓ॥"
(ਸਵ: ਮ: ੩ ਕੇ-੫)

"ਨਾਨਕ ਪ੍ਰਸਾਦਿ ਅੰਗਦ ਸੁਮਤਿ
ਗੁਰਿ ਅਮਰਿ ਅਮਰੁ ਵਰਤਾਇਓ॥
ਗੁਰ ਰਾਮਦਾਸ ਕਲ੍ਚਰੈ
ਤੈਂ ਅਟਲ ਅਮਰ ਪਦੁ ਪਾਇਓ॥"
(ਸਵ: ਮ: ੪ ਕੇ-੫)

"ਭਯ ਭੰਜਨੁ ਪਰ ਪੀਰ ਨਿਵਾਰਨੁ
ਕਲ੍ ਸਹਾਰੁ ਤੋਹਿ ਜਸੁ ਬਕਤਾ॥
ਕੁਲਿ ਸੋਢੀ ਗੁਰ ਰਾਮਦਾਸ
ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ॥"
(ਸਵ: ਮ: ੫ ਕੇ-੬)

ਇਸੇ ਤਰ੍ਹਾਂ ਸਾਰੇ ਭੱਟਾਂ ਦੇ ਸਵੱਯਾਂ ਵਿਚੋਂ ਗੁਰੂ ਸਾਹਿਬਾਂ ਬਾਰੇ ਉਨ੍ਹਾਂ ਦੇ ਅਨੇਕ ਗੁਣਾਂ, ਦਾਤਾਂ ਤੇ ਆਤਮ ਸੁਖ ਪ੍ਰਦਾਨ ਕਰਨ ਦੀਆਂ ਉਗਾਹੀਆਂ ਉਨ੍ਹਾਂ ਵਿਦ੍ਵਾਨਾਂ ਦੀ ਜ਼ਬਾਨੀ ਮਿਲਦੀਆਂ ਹਨ ਜਿਨ੍ਹਾਂ ਨੇ ਆਪ ਹਜ਼ੂਰੀ ਵਿਚ ਹਾਜ਼ਰ ਹੋ ਕੇ ਆਤਮ ਰਸ ਮਾਣੇ ਤੇ ਜਨਮ ਸਫਲੇ ਕੀਤੇ।

-o-

## (੫. ਰਾਗਮਾਲਾ)

**ਪਾਵਨ** ਬੀੜ ਵਿਚ ਸਭ ਤੋਂ ਅਖੀਰਲੀ ਕੀਮਤੀ ਵਸਤੂ ਹੈ 'ਰਾਗਮਾਲਾ'। ਰਾਗਮਾਲਾ ਤੋਂ ਪਤਾ ਚਲਿਆ ਕਰਦਾ ਹੈ ਕਿ ਇਹ ਰਾਗ ਦੇ ਕਿਸ ਮਤਿ ਦਾ ਪਤਾ ਦੇਂਦੀ ਹੈ। ਰਾਗ ਦੇ ਉਂਞ ਚਾਰ ਮਤਿ ਹਨ : ਸ਼ਿਵ ਮਤਿ,

ਕਾਲੀ ਨਾਥ ਮਤਿ, ਭਰਤ ਮਤਿ ਤੇ ਹਨੂਮਾਨ ਮਤਿ। ਪਰ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਨੇ ਬੜੀ ਮਿਹਨਤ ਕਰਕੇ ੧੨ ਰਾਗ ਮਾਲਾਂ ਕੱਠੀਆਂ ਕੀਤੀਆਂ ਤੇ ਮਤਾਂ ਦੇ ਵੇਰਵੇ ਤੇ ਭੇਦ ਪ੍ਰਭੇਦ ਲੱਭੇ। ਸਭਨਾਂ ਦੇ ਟਾਕਰੇ ਕਰਨ ਤੇ ਆਪ ਇਸ ਸਿੱਟੇ ਤੇ ਅੱਪੜੇ ਕਿ ਪਾਵਨ ਬੀੜ ਵਾਲੀ ਰਾਗਮਾਲਾ ਸਭ ਤੋਂ ਭਿੰਨ ਹੈ ਤੇ ਇਹ ਪਤਾ ਦੇਂਦੀ ਹੈ ਕਿ ਰਾਗ ਦਾ ਮਤਿ ਬੀ ਗੁਰੂ ਜੀ ਦਾ ਅੱਡਰਾ ਹੈ।* ਚਾਹੋ ਫਰਕ ਥੋੜੇ ਥੋੜੇ ਹੋਇਆ ਕਰਦੇ ਹਨ, ਪਰ ਇਨ੍ਹਾਂ ਤੋਂ ਹੀ ਮਤਿ ਦਾ ਪਤਾ ਚਲਦਾ ਹੈ, ਸੋ ਇਹ ਰਾਗਮਾਲਾ ਗੁਰਮਤਿ ਸੰਗੀਤ ਦੀ ਲਖਾਯਕ ਹੈ। ਇਹ ਰਾਗਮਾਲਾ ਮਿਲੀ ਕਿਥੋਂ?

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਤਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋਈ ਬਾਣੀ ਸੰਗਲਾਦੀਪ ਵਿਚ ਉਚਾਰੀ ਹੈ। ਓਥੇ ਪੈੜੇ ਮੋਖੇ ਨੂੰ ਘੱਲਿਆ ਸੀ। ਉਹ ਜੋ ਕੁਛ ਲਿਆਇਆ ਤੇ ਉਸ ਦੇ ਸਫਰ ਦਾ ਹਾਲ ਇਹ ਤਾਂ ਪਾਵਨ ਬੀੜ ਲਈ ਸ੍ਰੀ ਗੁਰੂ ਜੀ ਨੇ ਪ੍ਰਵਾਨ ਨਾ ਕੀਤਾ, ਉਨ੍ਹਾਂ ਦੀ ਦੈਵੀ ਤਕੜੀ ਤੇ ਉਹ ਤੁਲ ਨਾ ਸਕਿਆ, ਪਰ ਰਾਗਮਾਲਾ ਆਪ ਨੂੰ ਗੁਰੂ ਨਾਨਕ ਕ੍ਰਿਤ ਜਚ ਗਈ ਤੇ ਓਹ ਪਾਵਨ ਬੀੜ ਦੇ ਅੰਤ ਵਿਚ ਦਰਜ ਕਰ ਦਿਤੀ, ਤਾਂਕਿ ਗੁਰਮਤਿ ਸੰਗੀਤ ਦੀ ਸੂਚਕ ਰਹੇ। ਰਾਗ ਵਿਦਜਾ ਦੀ ਪ੍ਰੌਢਤਾ ਤੇ ਰਾਗ ਦੁਆਰਾ ਹਰੀ ਕੀਰਤਨ ਗੁਰੂ ਘਰ ਦਾ ਇਕ ਰੁਕਨ ਹੈ, ਇਸ ਲਈ ਰਾਗ ਦੀ ਆਪਣੀ ਵਿਉਂਤ ਕਾਯਮ ਰੱਖਣੀ ਜ਼ਰੂਰੀ ਸੀ।

ਕਿਸੇ ਦੇ ਸ਼ੱਕ ਪਾਉਣ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ ਜੀ ਤੇ ਮਗਰੋਂ ਹੋਰ ਕਈਆਂ ਨੇ 'ਕਿਉਂ' ਕਰ ਦਿੱਤਾ ਕਿ ਇਹ ਸ਼ੈ ਆਲਮ ਕਵੀ ਦੀ ਹੈ। ਪਰ ਵਰਿਹਾਂ ਬੱਧੀ ਦੀ ਖੋਜ ਤੇ ਵਯਾਖਯਾ ਨਾਲ ਖਾਲਸਾ ਸਮਾਚਾਰ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਰਾਗਮਾਲਾ

---

* ਵੇਖੋ ਬਾਣੀ ਬਿਊਰਾ ਕ੍ਰਿਤ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਜੋ ਖਾ:ਟ੍ਰੈ: ਸੁਸਾਇਟੀ ਦੁਆਰਾ ਪ੍ਰਕਾਸ਼ਤ ਹੋ ਚੁਕਾ ਹੈ ਤੇ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਤੋਂ ਮਿਲ ਸਕਦਾ ਹੈ।

ਗੁਰੂ ਕ੍ਰਿਤ ਹੈ ਤੇ ਆਲਮ ਕਵੀ ਨੇ, ਜੋ ਦਸਮੇ ਪਾਤਸ਼ਾਹ ਦਾ ਦਰਬਾਰੀ ਕਵੀ ਸੀ, ਗੁਰੂ ਘਰ ਵਿਚੋਂ ਲੈ ਕੇ ਅਪਣੀ ਕਾਮ ਕੰਦਲਾ ਨਾਮੇ ਪੋਥੀ ਵਿਚ ਪਾ ਲਈ ਸੀ। ਜਿਸਦਾ ਵੇਰਵਾ ਇਹ ਹੈ:-

ਕਵੀ ਜੀ ਨੇ ਆਲਮ ਕਵਿ ਦੀ ਪੋਥੀ ਦੀ ਪੂਰੀ ਖੋਜ ਕੀਤੇ ਬਿਨਾਂ ਇਹ ਕੁਛ ਲਿਖਿਆ ਹੈ, ਆਖਦੇ ਹਨ ਇਹ ਭੁੱਲ ਸੋਭਾ ਸਿੰਘ ਨੇ ਕਰਵਾਈ ਸੀ। ਭੁੱਲ ਦਾ ਕਾਰਨ ਉਹ ਸੰਮਤ ਸੀ ਜੋ ਆਲਮ ਦੀ ਪੋਥੀ ਦੇ ਦੀਬਾਚੇ ਵਿਚ ੯੯੧ ਹਿਜਰੀ ਦਿੱਤਾ ਸੀ। ਇਸ ਸੰਮਤ ਨੂੰ ਭੁਲੇਖੇ ਨਾਲ ਆਲਮ ਦੀ ਪੋਥੀ ਦਾ (ਜੋ ਸੰਸਕ੍ਰਿਤ ਦਾ ਹਿੰਦੀ ਤਰਜਮਾ ਹੈ) ਸੰਮਤ ਸਮਝ ਲਿਆ ਗਿਆ ਸੀ, ਹਾਲਾਂ ਕਿ ਇਹ ਸੰਮਤ ਅਸਲ ਸੰਸਕ੍ਰਿਤ ਪੁਸਤਕ ਦਾ ਹੈ, ਜੋ ਕਵੀ ਜੋਧ ਨੇ ਅਕਬਰ ਦੇ ਸਮੇਂ ਰਚੀ ਸੀ। ਆਲਮ ਕਵੀ ਨੇ ਆਪਣੀ ਰਚਨਾ ਦਾ ਸੰਮਤ ਆਪਣੀ ਪੋਥੀ ਦੇ ਅਖੀਰ ਤੇ ੧੭੭੪ ਬਿ. ਦਿੱਤਾ। ਸ੍ਰੀਮਾਨ ਗਿਆਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲਿਆਂ ਨੇ ਰਾਗਮਾਲਾ ਤੇ ਬੜੀ ਡੂੰਘੀ ਤੇ ਚਿਰ ਕਾਲ ਤਕ ਸ਼ੋਭਾ ਯੋਗ ਖੋਜ ਕੀਤੀ ਹੈ। ਉਸ ਅਨੁਸਾਰ ਉਨ੍ਹਾਂ ਨੇ ਪੰਜ ਸਲੋਕ ਜੋਧ ਕਵਿ ਦੇ ਦੀਬਾਚੇ ਵਿਚੋਂ ਦਿੱਤੇ ਹਨ, ਜਿਨ੍ਹਾਂ ਦਾ ਭਾਵ ਆਲਮ ਕਵਿ ਦੇ ਤਰਜਮੇ ਨਾਲ ਟਾਕਰਾ ਖਾਂਦਾ ਹੈ ਤੇ ਨਿਰਸੰਸੇ ਕਰ ਦੇਂਦਾ ਹੈ ਕਿ ੯੯੧ ਹਿਜਰੀ ਸੰਨ ਆਲਮ ਦਾ ਨਹੀਂ ਪਰ ਜੋਧ ਕਵੀ ਦੀ ਸੰਸਕ੍ਰਿਤ ਰਚਨ ਦਾ ਹੈ। ਯਥਾ:-

**ਪਾਠ ਮਾਧਵਾਨਲ ਕਾਮਕੰਦਲਾ ਚਰਿਤ:-[੧]**

**ਪ੍ਰਣਮਜ ਤਤ੍ਪਰੰ ਬ੍ਰਹਮ੍ ਚਤੁਰਾਨਨਤ: ਪਰਮ੍।**
**ਸਰ੍ਵਸਜੁਤ ਜਗਨ੍ਨਾਥੰ ਭੂਤਾਦੀਨਾਂ ਪ੍ਰਵਰ੍ਤਕਮ੍॥੧॥**

---

੧. ਜੋਧ ਕਵੀ ਦੀ ਸੰਸਕ੍ਰਿਤ ਰਚਨਾਂ ਵਿਸ਼ੇਸ਼ ਖੋਜ ਨਾਲ ਸਾਨੂੰ ਪ੍ਰਾਪਤ ਹੋ ਗਈ ਹੈ, ਹੁਣ ਸ਼ਲੋਕਾਂ ਦੇ ਪਾਠ ਉਸ ਨਾਲ ਸੋਧ ਕੇ ਉਪਰ ਦੇ ਰਹੇ ਹਾਂ।

*ਅਰਥ*— (ਪਹਿਲੋਂ ਮੈਂ) ਤਤਪਰ ਬ੍ਰਹਮ ਨੂੰ ਪ੍ਰਣਾਮ ਕਰਦਾ ਹਾਂ, ਜੋ 'ਬ੍ਰਹਮ' ਕਿ ਬ੍ਰਹਮਾਂ ਤੋਂ ਵੀ ਪਰੇ ਹੈ, ਜੋ ਸਰਵ ਵਜਾਪੀ ਤੇ ਜਗਤ ਦਾ ਸੁਆਮੀ ਹੈ (ਤੇ ਆਕਾਸ਼ ਆਦਿਕ) ਭੂਤਾਂ ਦੀ ਪ੍ਰਵਿਰਤੀ ਕਰਨੇ ਵਾਲਾ ਹੈ।

**ਆਦਜੰਤਾਭਜਾਂ ਵਿਹੀਨਨ੍ਤੁ ਧਾਰਯਤ੍ ਸਚਰਾਚਰਮ੍।**
**ਅਗਜੰ ਮਤਿਮਤਾਂ ਗਜੇਯਮਗਜੇਯੰ ਮਲਿਨਾਤ੍ਮਨਾਮ੍॥੨॥**

*ਅਰਥ*— ਆਦਿ ਅੰਤ ਤੋਂ ਰਹਿਤ, ਚਲ ਤੇ ਅਚਲ ਦਾ ਧਾਰਨ ਕਰਤਾ (ਹੈ), ਸਭ ਦਾ ਆਗੂ ਹੈ, ਸੂਖਮ ਬੁੱਧੀ ਵਾਲੇ ਦੇ ਜਾਨਣੇ ਯੋਗ ਅਰ ਮਲੀਨ ਆਤਮਾਂ ਵਾਲੇ ਦੇ ਨਾ ਜਾਨਣੇ ਯੋਗ ਹੈ।

**ਸਰ੍ਵਦਾ ਸਰ੍ਵਸੇਵਜੰ ਹਿ, ਸਰ੍ਵ ਸਾਕ੍ਸ਼ਿ ਚ ਤਨ੍ਮਯਮ੍।**
**ਰਸਬੱਧਾਂ ਜਗਦ੍ਰੀਤਿੰ, ਕਥਾਯਾਮਿ ਯਥਾਮਤਿ:॥੩॥**

*ਅਰਥ*— ਸਰਵਦਾ ਕਾਲ ਸਰਬ ਜੀਵਾਂ ਦੇ ਸੇਵਨੇ ਯੋਗ ਹੈ ਤੇ ਸਰਵਦਾ ਸਾਖੀ ਜਗਤ ਰੂਪ ਹੈ ਜਿਸ ਰਸ ਕਰ ਜਗਤ ਬੰਧਾਇਮਾਨ ਹੈ ਸੋ ਜਗਤ ਰੀਤੀ ਮੈਂ, ਜੈਸੀ ਮੇਰੀ ਮਤ ਹੈ, ਕਥਨ ਕਰਦਾ ਹਾਂ।[੧]

**ਸਮਾਸ਼੍ਰਿਤਜ ਜਗਤ੍ਪਤਿੰ ਮਹਾਰਾਜੰ ਮਹਾਬਲਮ੍।**
**ਮਹਾਤੇਜੋਯੁਤੰ ਨਾਥਮੇਕ ਛਤ੍ਰਧਰੰ ਧਰਮ੍॥੪॥**

*ਅਰਥ*— ਜਗਤ ਦੇ ਪਤੀ ਦਾ ਭਲੀ ਪ੍ਰਕਾਰ ਆਸਰਾ ਲੈ ਕੇ (ਹੁਣ) ਮਹਾਂ

---

੧. ਉਥਾਨਕਾ ਦੇ ਇਨ੍ਹਾਂ ਤਿੰਨਾਂ ਸ਼ਲੋਕਾਂ ਦੇ ਭਾਵ ਨੂੰ ਆਲਮ ਕਵੀ ਨੇ ਆਪਣੇ ਉਲਥੇ ਵਿਚ ਐਉਂ ਲਿਖਿਆ ਹੈ:-

ਪ੍ਰਥਮੇ ਪਾਰਬ੍ਰਹਮ ਕੋ ਪਰਨੌਂ। ਪੁਨ ਕੁਛ ਜਗਤ ਰੀਤਿ ਰਸ ਬਰਨੌਂ।
ਪਾਰਬ੍ਰਹਮ ਪੂਰਣ ਪਤਿ ਸ੍ਵਾਮੀ। ਘਟ ਘਟ ਰਹੇ ਸੁ ਅੰਤਰਯਾਮੀ।
ਘਟ ਘਟ ਰਹੈ ਲਖੈ ਨਹ ਕੋਈ। ਜਲ ਥਲ ਰਹੇ ਸਰਬ ਮਹਿ ਸੋਈ।
ਜਾਂਕੀ ਆਦਿ ਅੰਤ ਨਹੀਂ ਜਾਨੀ। ਪੰਡਤ ਕਥਾ ਗਜਾਨ ਕਰ ਮਾਨੀ।
ਗਜਾਨੀ ਹੋਇ ਸੁ ਗੁਰਮੁਖਿ ਧਜਾਵੈ॥ ਖੋਜੀ ਹੋਇ ਸੁ ਖੋਜਤ ਪਾਵੈ।

ਬਲੀ ਮਹਾਰਾਜਾ ਬੜੇ ਤੇਜ ਵਾਲਾ, ਪ੍ਰਜਾ ਦਾ ਸੁਆਮੀ ਅਦੁਤੀ ਛਤ੍ਰਧਾਰੀ ਤੇ ਬਹੁਤ ਵੱਡਾ (ਅਕਬਰ) ਹੈ।

**ਸ਼ੱਤ੍ਰੂ ਜਾਤ ਜਿਤੰ ਦਕਸ਼ੰ ਪ੍ਰਜਾ ਧਰ੍ਮ ਸੁਰੱਖਜਕਮ੍।**
**ਇੰਦ੍ਰਪ੍ਰਸ੍ਥ ਪਤਿੰ ਭੂਪੰ ਰਾਜਰਾਮੰ ਮਹਾਵਰਮ੍॥੫॥**

*ਅਰਥ*— ਜਿਸਨੇ ਸਾਰੇ ਸ਼ੱਤ੍ਰੂ ਜਿਤ (ਰਾਜੇ ਬੀ) ਜਿੱਤ ਲਏ ਹਨ ਤੇ ਜੋ ਪ੍ਰਜਾ ਦੇ ਧਰਮ ਦੀ ਰਖਜਾ ਕਰਨ ਵਾਲਾ ਹੈ, ਦਿੱਲੀ ਦਾ ਪਤੀ ਰਾਜਿਆਂ ਦਾ ਰਾਜਾ ਸ਼ਹਨਸ਼ਾਹ ਤੇ ਸ੍ਰੇਸ਼ਟ ਹੈ।[੧]

**ਕੋਟਿ ਯੁਗ ਸਹਸ੍ਰਾਣਿ ਜੀਵਯਤੁ ਮਹੀਤਲੇ।**
**ਟੋਡਰ ਮਲ ਸੰਸੇਵਜਮ੍ ਯਕਸ਼ ਕਿੱਨਰ ਸੇਵਿਤਮ੍॥੬॥**

*ਅਰਥ*— ਕ੍ਰੋੜਾਂ ਤੇ ਹਜ਼ਾਰਾਂ ਯੁਗਾਂ ਤਕ ਭੂਮੀ ਪਰ ਉਹ ਜੀਉਂਦਾ ਰਹੇ। ਟੋਡਰ ਮਲ ਵਜ਼ੀਰ ਜਿਸਦੀ ਸੇਵਾ ਕਰਦਾ ਹੈ ਤੇ ਜੱਛ ਕਿੰਨਰ ਭੀ ਸੇਵਾ ਕਰਦੇ ਹਨ।

**ਇੰਦ੍ਰਾਦਜਨੰਤ ਰੁਚਿਮਕਬਰੰ ਸੁਵਰੰ ਨ੍ਰਿਪਮ੍।**
**ਦ੍ਵਿ ਨਵ ਚੰਦ੍ਰ ਮਿਤੇਤਬਦੇ ਯਾਵਨੇ ਭਾਖਜਤੇ ਕਥਾ॥੭॥**[੨]

*ਅਰਥ*— ਇੰਦ੍ਰ ਆਦਿਕ ਦੇਵਤਿਆਂ ਵਿਚ ਰੁਚੀ ਵਾਲਾ ਹੈ ਅਕਬਰ ਨਾਮੇ ਸ਼ੁਭ ਨਰ ਪਾਲਕ। ਦੋ ਨਾਂਏਂ ਤੇ ਏਕਾ (੯੯੧) (ਅਰਥਾਤ ਸੰਮਤ

---

੧. ਆਲਮ ਕਵੀ ਦਾ ਤਰਜਮਾ-
ਜਗਪਤਿ ਰਾਜ ਕੋਟ ਜੁਗ ਕੀਜੈ। ਸ਼ਾਹ ਜਲਾਲ ਛਤ੍ਰਪਤਿ ਜੀਜੈ।
ਦਿੱਲੀ ਪਤਿ ਅਕਬਰ ਸੁਲਤਾਨਾ। ਸਪਤ ਦੀਪ ਮਹਿ ਜਾਕੀ ਆਨਾ।

੨. ਛੇਵੇਂ ਤੇ ਸਤਵੇਂ ਸ਼ਲੋਕ ਦਾ ਤਰਜਮਾ ਆਲਮ ਕ੍ਰਿਤ-
ਆਗੈ ਨੈਬ ਮਹਾਮਤਿ ਮੰਤ੍ਰੀ। ਨ੍ਰਿਪ ਰਾਜਾ ਟੋਡਰ ਮਲ ਖੱਤ੍ਰੀ।
ਦੋ:- ਗਣ ਗੰਧਰਵ ਕਿੰਨਰ ਸਕਲ ਜਖਜ ਰਹੇ ਹੁਇ ਚੇਰ।
ਦੰਡ ਭਰਹਿੰ ਸੇਵਾ ਕਰਹਿੰ ਵਾਸੁਕ ਇੰਦ੍ਰ ਕੁਬੇਰ।
ਚੌਪਈ- ਸੰਵਤ ਨੌ ਸੈ ਇਕਾਨਵੇ ਆਹੀ। ਕਰੇ ਕਥਾ ਅਬ ਬੋਲੌਂ ਤਾਹੀ।

੯੯੧) ਯਾਵਨੀ (ਹਿਜਰੀ) ਵਿਚ ਮੈਂ (ਮਾਧਵਾਨਲ ਤੇ ਕਾਮ ਕੰਦਲਾ ਦੀ ਇਹ) ਕਥਾ ਕਹਿੰਦਾ ਹਾਂ।

**ਕਾਚਿਤ ਪੁਸ਼ਪਾਵਤੀ ਸ਼੍ਰੁਤਾ ਰਾਜਧਾਨੀ ਸ਼ੁਭਾ ਖਲੁ।**
**ਗੋਵਿੰਦ ਚੰਦ ਸੰਰਕਸ਼ਜਾ ਯਥੇਂਦ੍ਰੇਣਾਮਰਾਵਤੀ॥੮॥**

*ਅਰਥ*— ਕੋਈ ਕ ਪੁਸ਼ਪਾਵਤੀ ਨਗਰੀ ਸੁਣੀ ਹੈ ਨਿਸਚੇ ਕਰ ਸ਼ੁਭ ਰਾਜਧਾਨੀ, ਗੋਵਿੰਦ ਚੰਦ ਰਾਜਾ ਜਿਸ ਨਗਰੀ ਦੀ ਰਖਜਾ ਕਰਨੇ ਵਾਲਾ ਹੈ (ਐਉਂ) ਜਿਵੇਂ ਦੇਵਪੁਰੀ ਦੀ ਇੰਦਰ ਰਖਜਾ ਕਰਦਾ ਹੈ।*

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ੯੯੧ ਹਿਜਰੀ ਸੰਮਤ ਜੋਧ ਕਵੀ ਦੀ ਸੰਸਕ੍ਰਿਤ ਰਚਨਾਂ ਦਾ ਹੈ। ਆਲਮ ਦੇ ਅਨੁਵਾਦ ਦਾ ਨਹੀਂ। ੯੯੧ ਹਿਜਰੀ ਦਾ ਬਿਕ੍ਰਮੀ ਸੰਮਤ ੧੬੪੦ ਬਣਦਾ ਹੈ, ਉਸਨੂੰ ਜਦ ਆਲਮ ਦੇ ਉਲਥੇ ਕਰਨ ਦਾ ਸੰਮਤ ਸਮਝ ਲਿਆ ਗਿਆ ਤਾਂ ਭੁਲੇਖਾ ਲੱਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਰਚੇ ਜਾਣ ਤੋਂ ੨੧ ਵਰ੍ਹੇ ਪਹਿਲਾਂ ਆਲਮ ਦੀ ਰਾਗਮਾਲਾ ਮੌਜੂਦ ਸੀ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ੧੬੬੧ ਸੰਮਤ ਬਿ. ਵਿਚ ਬੱਝੀ ਹੈ। ਇਸ ਹਿਸਾਬ ਆਲਮ ਦੀ ਰਚਨਾ ਪਹਿਲੋਂ ਹੋਈ ਜਾਪਦੀ ਸੀ, ਜਿਸ ਤੋਂ ਸਾਰਿਆਂ ਨੇ ਟਪਲਾ ਖਾਧਾ ਕਿ ਰਾਗਮਾਲਾ ਇੱਕੀ ਵਰ੍ਹੇ ਪਹਿਲੋਂ ਮੌਜੂਦ ਸੀ, ਤੇ ਸੰਸੇ ਕਰਨ ਵਾਲਿਆਂ ਨੇ ਖਿਆਲ ਬਣਾ ਲਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਓਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆ ਗਈ। ਫਿਰ ਸੁਆਦ ਦੀ ਗਲ ਇਹ ਹੈ ਕਿ ਜੋਧ ਕਵੀ ਦੇ ਪੁਸਤਕ ਵਿਚ (ਜੋ ੯੯੧ ਹਿ. ਦਾ ਰਚਿਤ ਹੈ) ਰਾਗਮਾਲਾ ਹੈ ਹੀ ਨਹੀਂ। ਜੋ ਖੋਜ ਹੁਣ ਕੀਤੀ ਗਈ ਹੈ ਦੱਸਦੀ ਹੈ ਕਿ ਆਲਮ ਦਾ ਸਮਾਂ ੧੭੧੨ ਬਿ. ਸੰ. ਤੋਂ ੧੭੭੪ ਬਿ. ਤੱਕ ਲਿਖਤੀ ਸਬੂਤਾਂ ਵਿਚ ਸਹੀ ਹੈ। ਸੋ ਸਦੀ ਤੋਂ ਵਧੀਕ ਮਗਰੋਂ ਜੋ ਸ਼ੈ ਰਚੀ ਗਈ,

---

* ਆਲਮ ਇਸ ਸ਼ਲੋਕ ਦੇ ਭਾਵ ਨੂੰ ਅਪਣੇ ਲਫਜ਼ਾਂ ਵਿਚ ਇਉਂ ਲਿਖਦਾ ਹੈ:-
ਪੁਹਪਾਵਤੀ ਨਗਰ ਇਕ ਸੁਨਾ। ਗੋਵਿੰਦ ਚੰਦ ਰਾਜਾ ਬਹੁ ਗੁਨਾ।

ਉਸਦਾ ਕੋਈ ਹਿੱਸਾ ਸਦੀ ਪਹਿਲੋਂ ਸ੍ਰੀ ਗੁਰੂ ਗ੍ਰੰਥ ਸਾਬਿ ਜੀ ਵਿਚ ਕੀਕੂੰ ਦਰਜ ਹੋ ਸਕਦਾ ਸੀ, ਚਾਹੇ ਉਹ ਭਾਈ ਗੁਰਦਾਸ ਵਾਲੀ ਬੀੜ ਸੀ, ਤੇ ਚਾਹੇ ਭਾਈ ਬੰਨੋ ਵਾਲੀ ਸੀ? ੧੭੭੪ ਤਕ ਹਜ਼ਾਰਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖੇ ਗਏ, ਸੰਮਤਾਂ ਵਾਲੀਆਂ ਬੀੜਾਂ ਮੌਜੂਦ ਹਨ, ਸਭ ਪਰ ਰਾਗਮਾਲਾ ਹੈ।

ਕਵੀ ਆਲਮ ਬਾਬਤ ਵਿਸ਼ੇਸ਼ ਖੋਜ ਇਸ ਪ੍ਰਕਾਰ ਹੈ:-

ਸ਼ਿਵ ਸਿੰਹ ਸਰੋਜ ਨਾਮੇ ਹਿੰਦੀ ਕਵੀਆਂ ਦੇ ਹਾਲਾਤ ਦੀ ਪੋਥੀ ਵਿਚ ਆਲਮ ਕਵਿ ਦਾ ਸੰਮਤ ੧੭੧੨ ਦਿੱਤਾ ਹੈ।

ਨਾਗਰੀ ਪ੍ਰਚਾਰਣ ਸਭਾ ਬਨਾਰਸ ਨੇ 'ਹਿੰਦੀ ਸਬਦ ਸਾਗਰ' ਅਰਥਾਤ 'ਹਿੰਦੀ ਭਾਸ਼ਾ ਦਾ ਇਕ ਵ੍ਰਿਹਤ ਕੋਸ਼' ਨਾਮ ਦਾ ਗ੍ਰੰਥ ੪੮ ਸੰਚੀਆਂ ਵਿਚ ਪ੍ਰਕਾਸ਼ਤ ਕੀਤਾ ਸੀ; ਇਹ ਕੋਸ਼ ਲਖ ਕੁ ਰੁਪਏ ਦੇ ਖਰਚ ਨਾਲ ੨੦ ਕੁ ਸਾਲਾਂ ਵਿਚ ਸਮਾਪਤ ਹੋਇਆ ਸੀ। ਇਸ ਕੋਸ਼ ਦੇ ਤਿਆਰ ਕਰਾਉਣ ਵਿਚ ਕਈ ਹਿੰਦੂ ਰਾਜਿਆਂ ਤੇ ਯੂ. ਪੀ. ਦੀ ਗਵਰਨਮੈਂਟ ਨੇ ਮਾਇਕ ਸਹਾਇਤਾ ਦਿੱਤੀ ਤੇ ਪ੍ਰਸਿੱਧ ਪੰਡਿਤਾਂ ਨੇ ਤਿਆਰ ਕੀਤਾ। ਇਸ ਕੋਸ਼ ਦੀ ਪ੍ਰਸਤਾਵਨਾ ਦੇ ਪੰਨੇ ੧੭੨ ਤੇ ਆਲਮ ਕਵਿ ਦਾ ਕਵਿਤਾ ਕਾਲ ੧੭੪੦ ਬਿ. ਤੋਂ ੧੭੬੦ ਬਿ. ਤਕ ਦਾ ਦਿਤਾ ਹੈ, ਇਸ ਤੋਂ ਸਹੀ ਹੋਇਆ ਕਿ ਇਸ ਪ੍ਰਸਤਾਵਨਾ ਦੇ ਵਿਦਵਾਨ ਲੇਖਕਾਂ ਨੂੰ ਆਲਮ ਕਵਿ ਦੇ ਰਚਿਤ ਪੁਸਤਕ ੧੭੪੦ ਤੋਂ ੧੭੬੦ ਤੱਕ ਦੇ ਵੇਖਣ ਵਿਚ ਆਏ ਹਨ।

ਹੁਣ ਵਿਸ਼ੇਸ਼ ਖੋਜ ਇਸ ਪਾਸੇ ਲਿਜਾਂਦੀ ਹੈ ਕਿ ਸੰਸਕ੍ਰਿਤ ਮਾਧਵਾਨਲ ਕਾਮ ਕੰਦਲਾਂ ਦਾ ਆਲਮ ਨੇ ਕਿਸ ਸੰਮਤ ਵਿਚ ਉਲਥਾ ਕੀਤਾ? ਆਲਮ ਦੀ ਮਾਧਵਾਨਲ ਕਾਮ ਕੰਦਲਾਂ ਦੇ ਅੰਤ ਵਿਚ (ਨਾਗਰੀ ਅੱਖਰਾਂ ਵਿਚ ਲਿਖਤ ਦੀ ਮਿਲੀ ਇਕ ਪੁਰਾਤਨ ਪੋਥੀ ਵਿਚ) ਉਸ ਦਾ ਸੰਮਤ ਓਹਨਾਂ ਨੇ ਆਪ ਇੰਜ ਲਿਖਿਆ ਹੈ :-

**ਦੋਹਰਾ: ਬੇਦ$_{੪}$ ਦ੍ਵੀਪ$_{੭}$ ਮੁਨਿ$_{੭}$, ਇੰਦ$_{੧}$ ਧਰ ਸਵਿਤਾ ਜੁਵਤਿ ਗਤਾਨ।**
**ਹੰਸ ਵਾਰ ਥਿਤ ਅਸ਼ਟਮੀ ਸਾਕਾ ਬਿੱਕ੍ਰਮ ਜਾਨ॥**

*ਅਰਥਾਤ*— ਸੰਮਤ ੧੭੭੪ ਬਿ. ਮਹੀਨਾ ਭਾਦ੍ਰੋਂ ਦਿਨ ਐਤ, ਸੁਦੀ ਪੱਖ ਦੀ ਅਸ਼ਟਮੀ ਸੀ।

ਅਸੀਂ ਹੁਣ ਏਥੇ ਅੱਪੜੇ ਕਿ ੧੭੧੨ ਸੰਮਤ ਤੋਂ ਲੈਕੇ ੧੭੭੪ ਤੱਕ ਕਵਿ ਆਲਮ ਇਸ ਸੰਸਾਰ ਵਿਚ ਸੇ। ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ ਤੋਂ ੧੧੩ ਸਾਲ ਪਿਛੋਂ ਮਾਧਵਾਨਲ ਕਾਮ ਕੰਦਲਾ ਕਿੱਸਾ ਉਸਨੇ ਲਿਖਿਆ ਹੈ। 'ਸ਼ਿਵ ਸਿੰਹ ਸਰੋਜ' 'ਹਿੰਦੀ ਸ਼ਬਦ ਸਾਗਰ' ਤੇ ਆਲਮ ਕਵਿ ਦੀ ਆਪਣੀ ਲਿਖਤ 'ਮਾਧਵਾਨਲ ਕਾਮ ਕੰਦਲਾ' ਦੇ ਵਿਚ ਦਿਤੇ ਸੰਮਤਾਂ ਤੋਂ ਇਹ ਬੀ ਸਪਸ਼ਟ ਹੋ ਗਿਆ ਕਿ ਆਲਮ ਕਵਿ ਦਸਮ ਪਾਤਸ਼ਾਹ ਦੇ ਸਮੇਂ ਹੋਇਆ ਹੈ। ਇਸ ਗਲ ਨੂੰ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮੰਨਿਆ ਹੈ, ਇਹੋ ਗੱਲ ਸੌ ਸਾਖੀ ਤੇ ਬਾਬਾ ਸੁਮੇਰ ਸਿੰਘ ਜੀ ਦੇ ਗੁਰ ਬਿਲਾਸ ਵਿਚ ਵੀ ਇਉਂ ਹੀ ਮੰਨੀ ਗਈ ਹੈ। ਸੋ ਆਲਮ ਦਾ ਸਮਾਂ ਗੁਰੂ ਦਸ਼ਮੇਸ਼ ਜੀ ਦੇ ਸਮੇਂ ਨਾਲ ਟਾਕਰਾ ਖਾਂਦਾ ਇਧਰੋਂ ਬੀ ਸਿੱਧ ਹੋ ਗਿਆ ਤੇ ਉਪਰ ਲਿਖੇ ਸਿਖ ਇਤਿਹਾਸਕਾਰਾਂ ਨੇ ਆਲਮ ਨੂੰ ਦਸਮ ਗੁਰੂ ਜੀ ਦੇ ਦਰਬਾਰ ਆਇਆ ਮੰਨਿਆ ਹੈ। ੫੨ ਕਵੀਆਂ ਵਿਚ ਇਸ ਦਾ ਨਾਮ ਬੀ ਦਰਜ ਹੈ। ਹੁਣ ਵਿਚਾਰ ਇਥੇ ਸਫਾ ਅੱਪੜ ਗਈ ਕਿ ਜੋ ਪੋਥੀ ਮਾਧਵਾਨਲ ਦੀ ੧੧੩ ਸਾਲ ਗਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਮਗਰੋਂ ਸੰਸਕ੍ਰਿਤ ਤੋਂ ਉਲਥਾਈ ਗਈ, ਉਸਦੀ ਦਿੱਤੀ ਰਾਗਮਾਲਾ ਅਸੰਭਵ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੧੩ ਸਾਲ ਆਪਣੇ ਰਚੇ ਜਾਣ ਤੋਂ ਪਹਿਲਾਂ ਚੜ੍ਹ ਸਕੇ। ਫਿਰ ੯੯੧ ਹਿ. ਵਾਲੀ ਜੋਧ ਵਾਲੀ ਦੀ ਸੰਸਕ੍ਰਿਤ ਕਾਮ ਕੰਦਲਾ ਵਿਚ ਰਾਗਮਾਲਾ ਹੈ ਹੀ ਨਹੀਂ। ਇਸ ੯੯੧ ਹਿਜਰੀ ਅਰਥਾਤ ੧੬੪੦ ਬਿ. ਤੋਂ ਹੀ ਟਪਲਾ ਮੈਕਾਲਿਫ ਨੇ ਵੀ ਖਾਧਾ ਹੈ, ਪਰ ਫਿਰ ਬੀ ਭਾਈ

ਸੰਤੋਖ ਸਿੰਘ ਤੇ ਮੈਕਾਲਫ ਦੋਵੇਂ ਆਪਣੀ ਹੈਰਾਨੀ ਤੇ ਅਗਜਾਨਤਾ ਆਪ ਜ਼ਾਹਰ ਕਰਦੇ ਹਨ ਕਿ 'ਪਤਾ ਨਹੀਂ ਲਗਦਾ ਕਿ ਕਿਵੇਂ ਇਹ ਪਵਿਤ੍ਰ ਬੀੜ ਵਿਚ ਚੜ੍ਹ ਗਈ'। ਕਿਉਂਕਿ ਪਵਿਤ੍ਰ ਬੀੜ ਵਿਚ ਕੋਈ ਵਾਧਾ ਘਾਟਾ ਕਰਨਾ ਕੋਈ ਮਾਮੂਲੀ ਗਲ ਨਹੀਂ ਸੀ ਤੇ ਉਹ ਕਿਸੇ ਤਰ੍ਹਾਂ ਛੁਪਿਆ ਨਹੀਂ ਸੀ ਰਹਿ ਸਕਦਾ। ਇਨ੍ਹਾਂ ਲੇਖਕਾਂ ਨੂੰ ਜੇ ਇਹ ਪਤਾ ਹੁੰਦਾ ਕਿ ੯੯੧ ਹਿ. (੧੬੪੦ ਬਿ.) ਸੰਮਤ ਸੰਸਕ੍ਰਿਤ ਪੁਸਤਕ ਦਾ ਹੈ, ਆਲਮ ਤਾਂ ੧੭੧੨ ਤੋਂ ੧੭੭੪ ਬਿ.. ਸੰਮਤ ਵਿਚ ਹੋਇਆ ਹੈ ਤਾਂ ਉਹਨਾਂ ਦੀ ਹੈਰਾਨੀ ਦੂਰ ਹੋ ਜਾਂਦੀ ਤੇ ਜੋ ਕੁਛ ਲਿਖਿਆ ਹੈ ਨਾ ਲਿਖਦੇ।

ਫਿਰ ਆਲਮ ਆਪਣੇ ਦੀਬਾਚੇ (ਉਥਾਨਕਾ) ਵਿਚ ਆਪ ਮੰਨਦਾ ਹੈ ਕਿ ਮੈਂ ਸੰਸਕ੍ਰਿਤ ਦਾ ਤਰਜਮਾ ਕੀਤਾ ਹੈ, ਕੁਛ ਪਰਾਈ ਰਚਨਾ ਬੀ ਵਿਚ ਪਾਈ ਹੈ, ਕੁਛ ਆਪ ਜੋੜੀ ਹੈ। ਇਸ ਤੋਂ ਬੀ ਸਹੀ ਹੁੰਦਾ ਹੈ ਕਿ ਰਾਗਮਾਲਾ ਓਸਨੇ ਪਰ ਕ੍ਰਿਤ ਲਈ ਹੈ। ਯਥਾ:-

**"ਕਿਛ ਆਪਨ ਕਿਛ ਪਰ-ਕ੍ਰਿਤ ਚੋਰੇ।**
**ਯਥਾ ਸ਼ਕਤ ਕੇ ਅੱਖਰ ਜੋਰੇ॥"**
**ਕਥਾ ਸੰਸਕ੍ਰਿਤ ਸੁਨਿ ਕੁਛ ਥੋਰੀ॥**
**ਭਾਖਾ ਬਾਂਧਿ ਚੌਪਈ ਜੋਰੀ।**

ਆਲਮ ਦਸਮੇ ਪਾਤਸ਼ਾਹ ਦੇ ਕਵੀਆਂ ਵਿਚ ਹੋਇਆ ਹੈ, ਇਤਿਹਾਸ ਇਸ ਦੀ ਸਾਖ ਭਰਦੇ ਹਨ। ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਉਸਨੇ ਗੁਰੂ ਦਰਬਾਰ ਵਿਚ ਕਈ ਵੇਰ ਸੁਣੀ ਹੋਊ, ਸੋ ਸੱਚ ਦੇ ਨੇੜੇ ਇਹ ਗੱਲ ਜਾਪਦੀ ਹੈ ਕਿ ਉਸਨੇ ਇਹ ਸੁਣੀ ਹੋਈ ਗੁਰੂ ਰਾਗਮਾਲਾ ਆਪਣੀ ਰਚਨਾ ਵਿਚ ਲਿਖ ਦਿਤੀ। ਤੇ ਇਸ ਨੂੰ ਆਪ ਮੰਨਿਆ ਕਿ ਮੈਂ ਕੁਝ ਪਰਾਈ ਕ੍ਰਿਤ ਲੈਕੇ ਆਪਣੀ ਰਚਨਾ ਵਿਚ ਸ਼ਾਮਲ ਕੀਤੀ ਹੈ। ਵਿਸਥਾਰ ਲਈ ਦੇਖੋ ਗਜਾਨੀ ਸਾਹਿਬ ਸਿੰਘ ਜੀ ਧਮਧਾਣ ਨਿਵਾਸੀ ਜੀ ਦੀ ਨਵੀਨ ਖੋਜ 'ਰਾਗਮਾਲਾ ਪ੍ਰਬੋਧ' ਅਤੇ ਖਾ. ਟ੍ਰੈ. ਸੁਸਾਇਟੀ ਦਾ 'ਗੁਰੂ ਗ੍ਰੰਥ ਕੋਸ਼' ਅੰਤਕਾ ੨।

ਰਾਗਮਾਲਾ ਦੇ ਪਦ ਜੋੜ (ਹਿਜੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਣ ਸ਼ੈਲੀ ਅਨੁਸਾਰ ਹਨ। ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਰਾਗਮਾਲਾ ਤੇ ਬਾਕੀ ਸਾਰੀ ਬਾਣੀ ਦੀ ਲਿਖਤ ਇਕੋ ਹਥ ਦੀ ਹੈ, ਜੋ ਭਾਈ ਗੁਰਦਾਸ ਜੀ ਦੀ ਕਲਮ ਸਹੀ ਹੁੰਦੀ ਹੈ।

ਦੂਜਾ ਟਪਲਾ ਮੁੰਦਾਵਣੀ ਦਾ ਅਰਥ 'ਮੁਹਰ ਛਾਪ' ਕਰਨਾ ਹੈ। ਮੁੰਦਾਵਣੀ ਲਫ਼ਜ਼ ਹੁਣ ਤਕ ਪੋਠੋਹਾਰੀ ਵਿਚ ਬੋਲਦੇ ਹਨ। ਜੰਞ ਵੇਲੇ ਥਾਲ ਬੰਨ੍ਹਣ ਵੇਲੇ ਦੀ ਬੁਝਾਰਤ ਨੂੰ ਮੁੰਦਾਵਣੀ ਕਹਿੰਦੇ ਹਨ, ਜੋ ਬੁੱਝੇ ਬਿਨਾ ਜੰਞ ਰੋਟੀ ਨਹੀਂ ਸੀ ਖਾ ਸਕਦੀ। ਸੋਰਠਿ ਰਾਗ ਵਿਚ ਬੀ ਮੁੰਦਾਵਣੀ ਹੈ, ਜੇ 'ਮੁਹਰ ਛਾਪ' ਹੁੰਦੀ ਤਾਂ ਸੋਰਠ ਤੇ ਹੀ ਭੋਗ ਪੈ ਜਾਂਦਾ। ਉਥੇ ਮੁੰਦਾਵਣੀ ਮੁੰਦਾਵਣੀ ਹੈ, ਬੁਝਾਰਤ ਹੈ। ਏਥੇ ਮੁੰਦਾਵਣੀ ਖੁਹਲੀ ਹੈ। ਮੁੰਦਾਵਣੀ ਦੋਹਾਂ ਵਿਚ ਹੀ ਥਾਲ ਤੇ ਥਾਲ ਵਿਚ ਪਰੋਸੇ ਭੋਜਨਾਂ ਦਾ ਕਥਨ ਹੈ, ਜਿਸ ਤੋਂ ਸਫੁਟ ਹੈ ਕਿ ਇਹ ਮੁੰਦਾਵਣੀ ਜੰਞ ਦੀ ਰੋਟੀ ਵੇਲੇ ਦਾ ਅਲੰਕਾਰ ਵਰਤਿਆ ਹੈ। ਮੁੰਦਾਵਣੀ ਸੰਬੰਧੀ ਵਿਸ਼ੇਸ਼ ਵਿਸਥਾਰ ਲਈ ਦੇਖੋ ਅਗਲਾ ਲੇਖ।

ਸੋ ਸਾਬਤ ਹੋ ਗਿਆ ਕਿ ਆਲਮ ਨੇ ਗੁਰੂ ਘਰ ਦਾ ਜਾਣੂ ਹੋਣ ਕਰਕੇ ਇਹ ਰਾਗਮਾਲਾ ਜੋ ਉਸਦੀ ਆਪਣੀ ਕ੍ਰਿਤ ਨਹੀਂ ਸੀ ਆਪਣੇ ਹਿੰਦੀ ਤਰਜਮੇ ਵਿਚ ਪਾ ਲਈ ਸੀ।

ਹੁਣ ਕੋਈ ਸੰਸਾ ਬਾਕੀ ਨਹੀਂ, ਰਾਗਮਾਲਾ ਗੁਰੂ ਕ੍ਰਿਤ ਹੈ, ਆਲਮ ਪਰਾਈ ਕ੍ਰਿਤ ਲੈ ਕੇ ਵਰਤਣ ਵਾਲਾ ਹੈ, ਆਪ ਰਚਣਹਾਰ ਨਹੀਂ।

ਡਾਕਟਰ ਬਲਬੀਰ ਸਿੰਘ ਜੀ ਪੀ. ਐਚ. ਡੀ. (ਲੰਡਨ) ਨੇ ਅੰਗਰੇਜ਼ੀ ਵਿਚ ਇਕ ਭਾਰੀ ਇਤਿਹਾਸਕ ਖੋਜ ਕਰਕੇ ਕਿਤਾਬ ਲਿਖੀ ਹੈ, 'ਮਾਧਵਾਨਲ ਕਾਮਕੰਦਲਾ ਚਰਿਤ' (Madhvanala Kamkandla Carita) ਇਸ ਵਿਚ ਮਾਧਵਾਨਲ ਦੀ ਆਲਮ ਕ੍ਰਿਤ ਹਿੰਦੀ ਰਚਨਾ ਨੂੰ ਜੋਧ ਕਵੀ

ਸੰਸਕ੍ਰਿਤ ਰਚਨਾ ਦੇ ਬਿਲ ਮੁਕਾਬਿਲ ਫੁਟ ਨੋਟਾਂ ਵਿਚ ਦੇ ਕੇ ਉਸਦਾ ਤਰਜਮਾ ਸਾਬਤ ਕੀਤਾ ਹੈ ਤੇ ਦੱਸਿਆ ਹੈ ਕਿ ਉਸ ਸੰਸਕ੍ਰਿਤ ਅਸਲ ਵਿਚ ਕੋਈ ਰਾਗਮਾਲਾ ਨਹੀਂ ਹੈ।[੧]

-o-

## (੬. ਮੁੰਦਾਵਣੀ)

**ਰਾਗਮਾਲਾ** ਤੋਂ ਪਹਿਲੋਂ ਇਕ ਸ਼ਲੋਕ ਹੈ [ਤੇਰਾ ਕੀਤਾ ਜਾਤੋ ਨਾਹੀ......(ਸ਼ਲੋਕ ਮ:੫)] ਤੇ ਇਸ ਸ਼ਲੋਕ ਤੋਂ ਪਹਿਲੋਂ ਮੁੰਦਾਵਣੀ ਦਾ ਸ਼ਲੋਕ ਹੈ। ਮੁੰਦਾਵਣੀ ਦਾ ਵੇਰਵਾ ਕੋਸ਼ ਵਿਚ ਇਸ ਪ੍ਰਕਾਰ ਲਿਖਿਆ ਹੈ:-

ਮੁਦਾਵਣੀ }<br>ਮੁੰਦਾਵਣੀ } [ਭਾ: ਸੰ:। ਮੁਦ੍ਰਾ, ਭੇਤ ਦੀ ਗਲ।]

ਸਾਹਿਤ ਵਿਚ ਐਸੀ ਰਚਨਾ ਜਿਸਦੇ ਪ੍ਰਗਟ ਅਰਥ ਦੇ ਸਿਵਾ ਕੋਈ ਹੋਰ ਅਰਥ ਯਾ ਸਾਰਥਿਕ ਪਦ ਬੀ ਬਣ ਜਾਵੇ।

ਧਾਤੂ ਹੈ, ਮੁਦ੍ = ਪ੍ਰਸੰਨ ਕਰਨਾ। ਪੰਜਾਬੀ, ਮੁੰਦਾਵਣੀ-ਜਿਸ ਵਿਚ ਭਾਵ ਯਾ ਅਰਥ ਮੁੰਦ ਕੇ, ਬੰਦ ਕਰਕੇ ਯਾ ਲੁਕਾ ਕੇ ਰਖਿਆ ਹੋਵੇ,[੨]] ਬੁਝਾਰਤ, ਅੜਾਉਣੀ, ਐਸੀ ਗੱਲ ਜੋ ਕੋਈ ਛੇਤੀ ਨਾਲ ਨਾ ਸਮਝ ਸਕੇ।

---

੧. ਹੋਰ ਵਿਸਥਾਰ ਲਈ ਦੇਖੋ ਬੜੀ ਡੂੰਘੀ ਖੋਜ ਭਰਪੂਰ ਪੁਸਤਕ "ਰਾਗਮਾਲਾ" ਜੋ ਡਾ: ਬਲਬੀਰ ਸਿੰਘ ਜੀ ਦੀ ਲਿਖੀ ਹੈ ਤੇ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਤੋਂ ਮਿਲ ਸਕਦੀ ਹੈ। - *ਸੰਪਾਦਕ*

੨. ਯਥਾ ਗੁਰਵਾਕ- "ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ" (ਸੋਰਠ ਵਾਰ-੮, ਪੰਨਾ-੬੪੫)
ਅਰਥਾਤ ਮੁੰਦਾਵਣੀ ਕੋਈ ਗੁਹਜ ਅਭਿਪ੍ਰਾਯ ਦੀ ਵਸਤੂ ਹੈ ਜੋ ਭਾਲ ਨਾਲ ਲੱਭਣ ਵਾਲੀ ਹੈ।

ਮੁੰਦਾਵਣੀ[1] ਦੇ ਦੋ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ, ਇਕ ਸੋਰਠਿ ਦੀ ਵਾਰ ਵਿਚ ਤੀਸਰੀ ਪਾਤਸ਼ਾਹੀ ਦਾ ਹੈ ਤੇ ਦੂਜਾ ਸਲੋਕ ਪੰਜਵੀਂ ਪਾਤਸ਼ਾਹੀ ਜੀ ਦਾ ਅੰਤ ਪੁਰ ਰਾਗਮਾਲਾ ਤੇ 'ਸਲੋਕ ਮ. ੫' ਤੋਂ ਮੁਹਰੇ ਹੈ:

ਸੋਰਠ ਦੀ ਅਠਵੀਂ ਵਾਰ ਵਿਚ ਦੇ ਸਲੋਕ ਦਾ ਪਾਠ ਹੈ :-

**ਸਲੋਕੁ ਮ: ੩॥**

**"ਥਾਲੈ ਵਿਚਿ ਤ੍ਰੈ[2] ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥**
**ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥**
**ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥**
**ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥**
**ਏਹੁ ਮੁਦਾਵਣੀ ਸਤਿਗੁਰੂ ਪਾਈ ਗੁਰ ਸਿਖਾ ਲਧੀ ਭਾਲਿ॥**
**ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥੧॥"**

ਅਰਥਾਤ— (ਗੁਰਸਿਖ ਦੇ ਹਿਰਦੇ ਰੂਪੀ) ਥਾਲ ਵਿਚ (ਗੁਰੂ ਵਲੋਂ) ਤ੍ਰੈ ਵਸਤਾਂ (ਪਈਓ) ਪ੍ਰੋਸੀਆਂ ਗਈਆਂ ਹਨ, (ਜੋ ਸੰਸਾਰਿਕ ਭੋਜਨ ਨਹੀਂ ਪਰ ਹਰਿ ਭੋਜਨ=) ਈਸ਼੍ਵਰੀਯ ਭੋਜਨ (ਰੂਹਾਨੀ ਖੁਰਾਕ ਹਨ), (ਤੇ ਸੁਆਦ ਵਿਚ) ਅੰਮ੍ਰਿਤ (ਤੋਂ) ਬੀ (ਸਾਰ) ਸਰੇਸ਼ਟ ਹਨ। ਜਿਸ (ਭੋਜਨ) ਦੇ

---

੧. ਪੋਠੋਹਾਰ ਵਿਚ ਹੁਣ ਤਕ "ਮੁੰਦਾਵਣੀ" 'ਬੁਝਾਰਤ' ਨੂੰ ਆਖਦੇ ਹਨ। ਜੰਞ ਜਦ ਰੋਟੀ ਖਾਣ ਬੈਠੇ ਤੇ ਕੁੜੀਆਂ ਬੁਝਾਰਤ ਪਾਕੇ ਥਾਲੀ ਬੰਨ੍ਹ ਦੇਂਦੀਆਂ ਹਨ, ਉਹ ਬੁੱਝੀ ਜਾਵੇ ਤਾਂ ਜੰਞ ਰੋਟੀ ਖਾਂਦੀ ਹੈ। ਇਸਨੂੰ ਬੀ ਮੁੰਦਾਵਣੀ ਕਹਿੰਦੇ ਹਨ। ਆਮ ਬੋਲਚਾਲ ਵਿਚ ਬੀ ਪੋਠੋਹਾਰੀ ਹੁਣ ਤਕ ਬੋਲਦੇ ਹਨ, 'ਮੁੰਦਾਵਣੀਆਂ ਕਿਉਂ ਪਏ ਪਾਨੇ ਓਂ, ਸਿਧੀ ਗੱਲ ਦਸੋ'। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋਹਾਂ ਮੁੰਦਾਵਣੀਆਂ ਵਿਚ 'ਥਾਲ' ਦਾ ਜ਼ਿਕਰ ਹੈ, ਨਾਲ 'ਭੋਜਨ' ਦਾ ਕਥਨ ਹੈ।

੨. 'ਥਾਲੈ ਵਿਚਿ' ਬੀ ਪੋਠੋਹਾਰੀ ਬੋਲ ਹੈ। ਜਿਵੇਂ- 'ਟਿਕੀ ਸੰਦੂਖੇ ਵਿਚ ਪਈ ਨੇ'। ਮੱਧ ਪੰਜਾਬ ਵਿਚ ਬੋਲਦੇ ਹਨ 'ਥਾਲ ਵਿਚ'।

ਖਾਧਿਆਂ ਮਨ ਤ੍ਰਿਪਤ ਹੁੰਦਾ ਹੈ, ਤੇ ਮੁਕਤੀ ਦਾ ਦੁਆਰ ਪ੍ਰਾਪਤ ਕਰ ਲਈਦਾ ਹੈ। ਹੇ ਸੰਤੋ! ਏਹ ਭੋਜਨ (ਹੋਰ ਤ੍ਰੀਕਿਆਂ ਨਾਲ) ਨਹੀਂ ਲੱਭਦਾ (ਇਹ) ਗੁਰੂ ਦੀ (ਬਖਸ਼ੀ) ਵੀਚਾਰ ਨਾਲ ਲੱਭਦਾ ਹੈ।

ਪਹਿਲੀਆਂ ਇਨ੍ਹਾਂ ਤ੍ਰੈ ਤੁਕਾਂ ਵਿਚ ਪਤਾ ਨਹੀਂ ਲੱਗਾ ਕਿ ਤ੍ਰੈ ਵਸਤਾਂ ਕੀ ਹਨ? ਮਾਨੋਂ ਇਹ ਵਾਕ ਅਜੇ ਇਕ ਬੁਝਾਰਤ ਹੈ। ਇਸ ਲਈ ਆਪ ਹੀ ਫੁਰਮਾਉਂਦੇ ਹਨ ਕਿ:- ਇਹ ਬੁਝਾਰਤ (ਤਾਂ ਹੈ ਪਰ) ਇਸ ਨੂੰ ਵਿਚੋਂ ਕਿਉਂ ਕੱਢੀਏ, ਇਸ ਨੂੰ ਸਦਾ ਦਿਲ ਵਿਚ ਧਾਰਨ ਕਰੀਏ, ਇਹ ਬੁਝਾਰਤ ਸਤਿਗੁਰੂ ਨੇ (ਆਪ) ਪਾਈ ਹੈ, ਤੇ ਗੁਰੂ ਕੇ ਸਿਖਾਂ ਨੇ ਭਾਲ ਕੇ ਲੱਭ ਲਈ ਹੈ; ਗੁਰਮੁਖਾਂ ਨੇ ਘਾਲ ਕਰਕੇ ਹਰੀ ਨੂੰ ਪਾਯਾ ਹੈ, ਤਾਂਤੇ ਜਿਸਨੂੰ (ਵਾਹਿਗੁਰੂ) ਬੁਝਾਏਗਾ ਉਹੀ ਇਸ (ਬੁਝਾਰਤ) ਨੂੰ ਬੁੱਝੇਗਾ।

ਸੋ ਅੰਤ ਤੱਕ ਇਸ ਸ਼ਲੋਕ ਵਿਚ ਬੁਝਾਰਤ ਨਿਭੀ ਹੈ। ਇਸ ਸਲੋਕ ਵਿਚ ਗੁਰੂ ਜੀ ਨੇ ਇਕ ਈਸ਼੍ਵਰ ਪ੍ਰਾਪਤੀ ਦੇ ਸਾਰ ਸਿੱਧਾਂਤ ਦਾ ਇਸ਼ਾਰਾ ਦਿੱਤਾ ਹੈ, ਜੋ ਘਾਲ ਕਰਨ ਵਾਲੇ ਗੁਰ ਸਿੱਖਾਂ ਤੇ ਖੁੱਲ੍ਹ ਜਾਂਦਾ ਹੈ, ਇਸ ਸਲੋਕ ਵਿਚ ਖੁਹਲਿਆ ਨਹੀਂ। ਗੁਰਸਿਖੀ ਦੀ ਚੋਟੀ ਤੇ ਖੜੇ ਗੁਰੂ ਅਰਜਨ ਦੇਵ ਜੀ ਨੂੰ ਇਹ ਪਤਾ ਲਗਣਾ ਹੀ ਸੀ। ਗੁਰਿਆਈ ਦੇ ਤਖਤ ਤੇ ਬੈਠੇ ਗੁਰੂ ਅਰਜਨ ਦੇਵ ਜੀ ਨੇ ਇਸ ਬੁਝਾਰਤ ਨੂੰ ਖੋਲ੍ਹਿਆ ਹੈ, ਜੋ ਖੁੱਲ ਗਈ ਹੈ, ਬੁਝਾਰਤ ਨਹੀਂ ਰਹੀ। ਪਦਾਰਥ ਬੀ ਤ੍ਰੈਏ ਦੱਸ ਦਿਤੇ ਹਨ, ਸੋ ਦੂਸਰਾ ਸ਼ਲੋਕ ਪੰਜਵੇਂ ਸਤਿਗੁਰਾਂ ਦਾ ਇਸ ਬੁਝਾਰਤ ਦੀ ਖੁੱਲ੍ਹ ਹੈ, ਇਸ ਦਾ ਹੱਲ ਹੈ, ਇਸੇ ਕਰਕੇ ਉਸਦਾ ਸਿਰਲੇਖ ਬੀ ਮੁੰਦਾਵਣੀ ਹੈ। ਇਹ ਮੁੰਦਾਵਣੀ ਸਮਝਣ ਵਿਚ ਫੇਰ ਬੁਝਾਰਤ ਬੀ ਹੈ, ਜੋ ਥੋੜੀ ਜੇਹੀ ਵੀਚਾਰ ਨਾਲ ਖੁਲ੍ਹ ਜਾਂਦੀ ਹੈ। ਇਹ ਬੁਝਾਰਤ ਬੀ ਹੈ ਤੇ ਬੁਝਾਰਤ ਦੀ ਖੁਲ੍ਹ ਬੀ ਹੈ। ਪਾਠ ਹੈ :

ਮੁੰਦਾਵਣੀ ਮਹਲਾ ੫॥

'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥

ਥਾਲ ਵਿਚ ਤ੍ਰੈ ਵਸਤਾਂ ਪਾਈਆਂ ਹਨ:-

੧. ਸਤੁ, ੨. ਸੰਤੋਖ, ੩. ਵੀਚਾਰੋ, ੪. ਅੰਮ੍ਰਿਤ ਨਾਮ ਠਾਕੁਰ ਕਾ। ਇਸ ਮੁੰਦਾਵਣੀ ਵਿਚ ਤ੍ਰੈਏ ਵਸਤਾਂ ਗਿਣ ਦਿੱਤੀਆਂ, ਬੁਝਾਰਤ ਖੁਲ੍ਹ ਗਈ, ਪਰ ਵਸਤਾਂ ਚਾਰ ਦੱਸੀਆਂ, ਚੌਹਾਂ ਨੂੰ ਤਿੰਨ ਸਮਝ ਸਕਣਾ ਇਹ ਫੇਰ ਮੁੰਦਾਵਣੀ ਖੋਲ੍ਹਣੀ ਹੈ:-

੧. ਸਤੁ, ੨. ਸੰਤੋਖ, ੩. ਅੰਮ੍ਰਿਤ ਨਾਮੁ ਠਾਕੁਰ ਕਾ। ਤੇ 'ਵੀਚਾਰੋ' ਏਥੇ ਸੰਗਯਾ ਪਦ ਨਹੀਂ ਕ੍ਰਿਯਾ ਹੈ ਹੁਕਮ ਹੈ, ਕਿ ਵੀਚਾਰ ਲਓ ਹੇ ਸੰਤਹੁ! ਤ੍ਰੈ ਵਸਤਾਂ ਥਾਲ ਵਿਚ ਪਈਆਂ ਹਨ, ਸਤੁ, ਸੰਤੋਖ ਤੇ ਅੰਮ੍ਰਿਤ ਨਾਮ। ਇਸਨੂੰ ਖੋਲ੍ਹਣ ਵਾਲੀ ਕੁੰਜੀ 'ਵੀਚਾਰੋ' ਪਦ ਵਿਚ ਹੈ। ਕਿ ਤੁਸੀਂ ਜੇ ਵੀਚਾਰ ਕਰੋਗੇ ਤਾਂ ਮੁੰਦਾਵਣੀ ਖੁਲ੍ਹ ਗਈ ਹੈ। ਉਹ ਇਉਂ ਕਿ ਪਦਾਰਥ ਤ੍ਰੈ ਇਹ ਹਨ- ੧. ਸਤੁ, ੨. ਸੰਤੋਖ, ੩. ਅੰਮ੍ਰਿਤ ਨਾਮੁ ਠਾਕੁਰ ਕਾ। ਤੇ-ਵੀਚਾਰੋ-ਕ੍ਰਿਯਾ ਪਦ ਹੈ, ਸੰਗਯਾ ਨਹੀਂ ਹੈ, ਵੀਚਾਰੋ ਦਾ ਅਰਥ ਹੈ ਵੀਚਾਰ ਕਰੋ, ਜਿਸ ਤਰ੍ਹਾਂ ਪਹਿਲੀ ਮੁੰਦਾਵਣੀ ਵਿਚ ਕਿਹਾ ਸੀ :- "ਸੰਤਹੁ ਲਭੈ ਗੁਰ ਵੀਚਾਰਿ" ਉਸੇ ਤਰ੍ਹਾਂ ਹੁਣ ਕਿਹਾ ਕਿ ਵੀਚਾਰ ਕਰੋ (ਹੇ ਸੰਤੋ!) ਤ੍ਰੈ ਵਸਤਾਂ ਹਨ :- ਸਤ, ਸੰਤੋਖ, ਨਾਮ। ਪਹਿਲੀ ਵਿਚ ਵੀ ਫਲ 'ਮੋਖ ਦੁਆਰ' ਕਿਹਾ ਸੀ, ਇਸ ਵਿਚ ਬੀ 'ਹੋਇ ਉਧਾਰੋ' ਫਲ ਦੱਸਿਆ।

ਪਹਿਲੀ ਤੁਕ ਵਿਚ 'ਪਈਓ' ਸਤ ਤੇ ਸੰਤੋਖ ਦੋਹਾਂ ਦੀ ਕ੍ਰਿਯਾ ਹੈ, ਦੂਸਰੀ ਵਿਚ 'ਪਇਓ' 'ਅੰਮ੍ਰਿਤ ਨਾਮ' ਦੀ ਕ੍ਰਿਯਾ ਹੈ।

## (੭. ਭਾਈ ਬੰਨੋ ਦੀ ਬੀੜ)

**ਕਹਿੰਦੇ** ਹਨ ਕਿ ਮਾਂਗਟਾਂ ਦੇ ਭਾਈ ਬੰਨੋ ਨੂੰ ਪਵਿਤ੍ਰ ਆਦਿ ਬੀੜ ਜਿਲਦ ਬਨ੍ਹਾਉਣ ਲਈ ਦਿਤੀ, ਤੇ ਕਿਹਾ ਕਿ ਇਕੋ ਰਾਤ ਲਾਹੌਰ ਰਹਿਣਾ ਜਲਦੀ ਜਿਲਦ ਬਨ੍ਹਾ ਕੇ ਆ ਜਾਣਾ। ਭਾਈ ਨੇ ਰਸਤੇ ਵਿਚ ਕਈ ਲਿਖਾਰੀ ਲਾ ਕੇ ਉਤਾਰਾ ਕਰਵਾ ਲਿਆ। ਲਾਹੌਰੋਂ ਇਕ ਰਾਤ ਜਿਲਦ ਬਣਵਾਕੇ ਮੁੜ ਆਯਾ। ਇਸ ਪ੍ਰੇਮੀ ਨੇ ਆਪਣਾ ਉਤਾਰਾ ਕੀਤੀ ਬੀੜ ਵਿਚ ਹੋਰ ਬਾਣੀ ਚਾੜ੍ਹ ਲਈ, ਜੋ ਗੁਰੂ ਜੀ ਨੇ ਨਹੀਂ ਚਾੜ੍ਹੀ ਸੀ। ਦੂਜੀ ਇਹ ਗਲ ਕਹਿੰਦੇ ਹਨ ਕਿ ਭਾਈ ਬੰਨੋ ਗੁਰੂ ਜੀ ਤੋਂ ਆਗਜਾ ਲੈ ਕੇ ਪਾਵਨ ਆਦਿ ਬੀੜ ਦੇ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ ਮਾਂਗਟਾਂ ਲੈ ਗਿਆ ਸੀ। ਹੁਕਮ ਓਥੇ ਇਕੋ ਰਾਤ ਠਹਿਰਨੇ ਦਾ ਸੀ, ਸੋ ਪੂਰਾ ਕੀਤਾ ਪਰ ਜਾਂਦੇ ਆਉਂਦੇ ਰਸਤੇ ਵਿਚ ਉਤਾਰਾ ਕਰ ਕਰਾ ਲਿਆ। ਗਲ ਇਵੇਂ ਹੋਈ ਹੋਵੇ ਯਾ ਹੋਰ ਤਰ੍ਹਾਂ, ਸਤਿਗੁਰੂ ਜੀ ਨੇ ਇਸ ਬੀੜ ਨੂੰ, **'ਖਾਰੀ ਬੀੜ'** ਆਖਿਆ। ਬਹੁਤੇ ਲਿਖਤੀ ਉਤਾਰੇ ਇਸੇ ਬੀੜ ਦੇ ਹੀ ਮਿਲਦੇ ਹਨ ਕਿਉਂਕਿ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਅਸਲੀ ਆਦਿ ਬੀੜ ਕਰਤਾਰ ਪੁਰ ਧੀਰ ਮੱਲੀਆਂ ਪਾਸ ਚਲੀ ਗਈ ਤੇ ਉਹ ਉਤਾਰਾ ਨਹੀਂ ਸਨ ਕਰਨ ਦੇਂਦੇ ਪਰ ਭਾਈ ਬਨੋ ਕੇ ਉਤਾਰੇ ਖੁੱਲ੍ਹੇ ਕਰਨ ਦੇਂਦੇ ਸੀ। ਦਸਮੇਂ ਪਾਤਸ਼ਾਹ ਨੇ ਦਮਦਮੇ ਬੈਠ ਕੇ ਨੌ ਮਹੀਨੇ ਨੌ ਦਿਨਾਂ ਵਿਚ ਕਰਤਾਰ ਪੁਰ ਵਾਲੀ ਬੀੜ ਦਾ ਹੀ ਪਾਠ ਲੀਤਾ, ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਚਾੜ੍ਹੀ, 'ਸੋ ਪਰਖ' ਤੇ ਉਸਦੇ ਨਾਲ ਤ੍ਰੈ ਸ਼ਬਦ ਹੋਰ ਰਹਰਾਸ ਵਿਚ ਪਾਏ ਤੇ ਲਿਖਿਆ ਹੈ ਕਿ ਕਿਸੇ ਕਿਸੇ ਥਾਂ ਥੋੜਾ ਫਰਕ ਪਾਠ ਦਾ ਬੀ ਕੀਤਾ। ਇਹੋ ਉਨ੍ਹਾਂ ਦੀ ਮੁਕੰਮਲ ਕੀਤੀ ਬੀੜ ਅੰਤਮ ਰੂਪ ਹੈ। ਇਸ ਦੇ ਚਾਰ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਕੀਤੇ ਤੇ ਤਖਤ ਸਾਹਿਬਾਂ ਤੇ ਘੱਲੇ। ਤਾਕਿ ਅਗੋਂ ਇਸੇ ਬੀੜ ਦਾ ਸਿਖੀ ਵਿਚ ਪ੍ਰਚਾਰ ਹੋਵੇ; ਇਹੋ ਫੇਰ ਲਿਖੇ ਗਏ ਤੇ ਅਜ ਤਕ ਛਪਦੇ ਆਏ। ਇਸੇ ਬੀੜ ਨੂੰ ਦਸਮ ਪਾਤਸ਼ਾਹ ਨੇ ਗੱਦੀ ਦਿੱਤੀ ਤੇ ਗੁਰੂ ਥਾਪਿਆ। ਇਹ ਗੁਰੂ ਗ੍ਰੰਥ ਸਾਹਿਬ ਹੁਣ ਸਿਖ ਪੰਥ ਦਾ ਗੁਰੂ ਹੈ, ਇਸ਼ਟ ਹੈ।

(ਪੁਸਤਕ ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੨ 'ਚੋਂ)

# ੫

# ਪਰਮ ਪਾਵਨ, ਪਰਮ ਉਪਕਾਰੀ, ਬੀੜ ਸਾਹਿਬ ਦੀ ਸਥਾਪਨਾਂ

**ਇਸ** ਜਗਤ ਤਾਰਕ ਪਾਵਨ ਬੀੜ ਦੀ ਤਿਆਰੀ ਤੇ ਕਿਤਨਾ ਵਕਤ ਲੱਗਾ? ਲਿਖਿਆ ਵੇਰਵਾ ਨਹੀਂ ਮਿਲਦਾ, ਪਰ ਇਸ ਪਵਿੱਤ੍ਰ ਕਾਰਜ ਦੀ ਸਮਾਪਤੀ ਭਾਦ੍ਰੋਂ ਵਦੀ ੧ ਏਕਮ ਸੰਮਤ ੧੬੬੧ ਬਿਕਰਮੀ ਨੂੰ ਹੋਈ, ਇਹ ਨਿਸ਼ਚਿਤ ਹੈ। ਵਕਤ ਲਗਾ ਤੇ ਚੋਖਾ ਲਗਾ ਸਹੀ ਹੁੰਦਾ ਹੈ।

ਜਦੋਂ ਇਹ ਕਾਰਜ ਸਿਰੇ ਚੜ੍ਹ ਗਿਆ, ਬੜੀਆਂ ਖੁਸ਼ੀਆਂ ਤੇ ਮੰਗਲ ਹੋਏ। ਨਗਰੀ ਦੇ ਲੋਕ ਤੇ ਬਾਹਰੋਂ ਆਈਆਂ ਸੰਗਤਾਂ ਨੂੰ ਸ੍ਰੀ ਬਾਬਾ ਬੁੱਢਾ ਜੀ ਨੇ ਦੱਸ ਦਿਤਾ ਕਿ ਮਹਾਨ ਕਾਰਜ ਹੋ ਗਿਆ ਹੈ, ਤੇ ਕੱਲ ਰਾਮਸਰ ਉਤਸਵ ਹੈ। ਸੰਗਤਾਂ ਸੁਣ ਕੇ ਸਭ ਆਣ ਜੁੜੀਆਂ। ਜੋ ਆਉਂਦਾ ਹੈ ਫੁਲਾਂ ਦੇ ਸਿਹਰੇ ਤੇ ਕੁਛ ਨਾ ਕੁਛ ਪ੍ਰਸਾਦ ਵਜੋਂ ਲਿਆਉਂਦਾ ਹੈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਪੁਨ ਸ੍ਰੀ ਗੁਰ ਬੈਠਿ ਦਿਵਾਨ ਲਗਜੋ।
ਗਨ ਸਿੱਖਜ ਪਿਖੈਂ ਮਨ ਪ੍ਰੇਮ ਪਗਜੋ॥
ਸਭਿ ਬੀਚ ਸੁਹਾਵਤਿ ਗ੍ਰੰਥ ਧਰਜੋ।
ਕਰਿ ਸੇਵਕ ਸੁੰਦਰ ਚੌਰ ਫਿਰਜੋ॥੧੫॥

ਲਗਿ ਢੇਰ ਪ੍ਰਸਾਦਿ ਗਯੋ ਸੁ ਤਹਾਂ।
ਬਹੁ ਲਜਾਵਤਿ ਸਿਖ ਅਨੰਦ ਮਹਾਂ॥
ਸ਼ੁਭ ਫੂਲਨਿ ਮਾਲ ਬਿਸਾਲ ਕਰੇ।
ਬਹੁ ਰੰਗਨਿ ਕੇ ਬਿਚ ਗੁੰਫ ਧਰੇ॥੧੬॥

ਗੁਰ ਸ੍ਰੀ ਗੁਰ ਕੇ ਸਿਖ ਪਾਵਤਿ ਹੈਂ।
ਬਹੁ ਭਾਂਤਿਨ ਫੂਲ ਚਢਾਵਤਿ ਹੈਂ।
ਸੁਭ ਮਾਲ ਸੁ ਫੂਲ ਬਿਸਾਲ ਲਏ।
ਗੁਰੂ ਗ੍ਰਿੰਥ ਸਮੀਪ ਚਢਾਇ ਦਏ॥੧੭॥

ਬਹੁ ਧੂਪ ਸੁ ਆਗਿ ਧੁਖਾਵਤਿ ਹੈਂ।
ਘਸਿ ਚੰਦਨ ਕੇਸਰ ਪਾਵਤਿ ਹੈਂ।
ਚਰਚੈਂ ਅਰਚੈਂ ਸਿਖ ਪ੍ਰੀਤ ਧਰੈਂ।
ਗਨ ਸੰਖ ਬਜਾਵਤਿ ਫੂਕ ਭਰੈਂ॥੧੮॥

ਅਰਦਾਸ ਪ੍ਰਸਾਦਨਿ ਬ੍ਰਿੰਦ ਕਰੈਂ।
ਜਯਕਾਰ ਸਭੈ ਇਕ ਬਾਰ ਰਰੈਂ।
ਕਰਿ ਧਾਰਿ ਰਬਾਬ ਸਤਾਰ ਬਜੈਂ।
ਸਬਦਾਨਿ ਸੁ ਗਾਇ ਸੁ ਰਾਗ ਸਜੈਂ॥੧੯॥
(ਰਾਸ ੩ ਅੰਸੂ ੪੯)

ਕਵੀ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਜੀ ਨੇ ਰਾਮਸਰ ਸਾਹਿਬ ਬੈਠਿਆਂ ਇਕ ਦਿਨ ਭਰੇ ਦੀਵਾਨ ਵਿਚ ਏਹ ਵਾਕ ਉਚਾਰੇ :-

'ਗ੍ਰਿੰਥ ਜ਼ਹਾਜ ਸੁ ਭੌਜਲ ਕੋ
ਤਰ ਜਾਤਿ ਸੁਖੇਨ ਜਿਨੀ ਚਿਤ ਲਾਯੋ॥੪॥

ਸ੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ
ਸਮੇਂ ਸਭਿ ਨਾ ਦਰਸੈ ਹੈਂ॥
ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ
ਉੱਤਮ ਹੈ ਸਭਿ ਕਾਲ ਰਹੈ ਹੈ॥
ਮੇਰੇ ਸਰੂਪ ਤੇ ਯਾਂਤੇ ਹੈ ਦੀਰਘ
ਸਾਹਿਬ ਜਾਨਿ ਅਦਾਇਬ ਕੈ ਹੈ॥
ਪੂਜਹੁ ਚੰਦਨ ਕੇਸਰ ਕੋ ਘਸਿ
ਧੂਪ ਧੁਖਾਇ ਕੈ ਫੂਲ ਚਢੈ ਹੈ॥੫॥

ਜੋ ਲਿਖਿ ਲੇਹਿ ਭਲੇ ਤਬਿ ਸੋਧਹਿ
ਅੱਖਰ ਸੋਂ ਲਗ ਕੀ ਚੁਕਸਾਈ॥
ਪਾਠ ਸਮਸਤ ਕਰੈ ਬੁਧਿ ਸੋਂ ਪਿਖਿ
ਪੂਰਬ ਕੇ ਸਮ ਲੇਹਿ ਬਨਾਈ॥
ਆਪ ਤੇ ਘਾਟ ਨ ਬਾਧ ਕਰੈ,
ਜਿ ਕਰੈ, ਹੁਇ ਮੂਰਖ ਸੋ ਪਛੁਤਾਈ॥
ਔਰ ਬਨਾਇ ਨਵੇਂ ਨ ਲਿਖੈ ਬਿਚ ਕਾਬਜ,
ਰਚੈ, ਸੁ ਰਚੇ ਪ੍ਰਿਥਕਾਈ॥੬॥

ਚੌਦਹਿ ਲੋਕ ਤੇ ਹੋਇ ਬਲੀ ਬਲ ਕੋ
ਜਰ ਜਾਇ ਰਿਦੇ ਮਹਿੰ ਜੋਈ॥
ਸੋ ਉਪਕਾਰ ਕੇ ਕਾਰਨ ਕੋ ਸਿਰ ਦੇ ਹੁਇ
ਸੰਮੁਖ ਧੀਰ ਧਰੋਈ॥
ਆਪਨੀ ਬਾਨੀ ਚੜ੍ਹਾਵਹਿ ਸੋ ਇਕ;
ਹੋਇ ਇਸੋ ਨਹਿੰ ਦੂਸਰ ਕੋਈ॥
ਪੂਜਹਿ ਜੋ ਇਛ ਧਾਰਿ ਸੁ ਪੂਜਹਿ
ਸ਼੍ਰੇਯ ਲਹੈ ਜਮ ਪੀਰ ਨ ਹੋਈ॥੭॥

ਬੇਦ ਪੁਰਾਨ ਮਹਾਨ ਮਹਾਤਮ
ਜਾਂਹਿ ਬਖਾਨ ਕਰੈਂ ਸਮੁਦਾਏ॥
ਅੰਤ ਨ ਪਾਵਤ ਸੇਸ਼ ਨ ਸ਼ਾਰਦ
ਨੇਤਿ ਹੀ ਨੇਤਿ ਅਸ਼ੇਸ਼ ਬਤਾਏ॥
ਜੋ ਸਰਬੋਤਮ ਜੋ ਸਰਬਾਸ਼੍ਰਿਯ
ਤਾਂਹੀਂ ਕੇ ਨਾਮ ਇਸੀ ਮਹਿੰ ਗਾਏ॥
ਨਾਮ ਸੁ ਨਾਮੀ ਕੋ ਭੇਦ ਨਹੀਂ
ਇਹ ਮੂਰਤਿ ਸ਼੍ਰੀ ਕਰਤਾਰ ਸੁਹਾਏ॥੮॥

ਜੇਤਿਕ ਗ੍ਰੰਥ ਅਦਾਇਬ ਰਾਖਹਿ
ਤੇਤਿਕ ਹੀ ਫਲ ਪਾਵਹਿਗੋ॥

ਧੂਪ ਧੁਖਾਇ ਘਸਾਇ ਕੈ ਚੰਦਨ
ਕੇਸਰ ਕੋ ਅਰਚਾਵਹਿਗੋ॥
ਭਾਵਨੀ ਧਾਰਿਕੈ ਚਾਹਿ ਉਮਾਹਤਿ
ਦਜੇਸ ਪ੍ਰਤੀ ਦਰਸਾਵਹਿਗੋ॥
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ
ਹਿਯ ਉਪਦੇਸ਼ ਬਸਾਵਹਿਗੋ॥੯॥

ਦੇਖਤਿ ਹੀ ਕਰ ਜੋਰਿ ਦੁਊ ਮਨ
ਨੰਮ੍ਰਿ ਹ੍ਵੈ ਸੀਸ ਨਿਵਾਵਹਿਗੋ॥
ਔਰਨਿ ਕੋ ਓਪਦੇਸ ਕਰੈ ਲਿਖਿ ਆਪ
ਇਸੇ ਕੈ ਲਿਖਾਵਹਿਗੋ॥
ਪ੍ਰੇਮ ਕਰੈ ਘਰ ਮੈ ਅਸਥਾਪਹਿ
ਪਾਠ ਸੁਨੈ ਹਰਖਾਵਹਿਗੋ॥
ਸੋ ਜਗ ਬੰਧਨ ਛੇਦਨ ਕੈ
ਨਰ ਅੰਤ ਗਤੀ ਸ਼ੁਭ ਪਾਵਹਿਗੋ॥੧੦॥

ਕਾਰਜ ਹੋਇ ਸੰਪੂਰਨ ਬਾਂਛਤਿ
ਪਾਠ ਕਰੈ ਕਿ ਕਰਾਵਹਿਗੋ॥
ਭੋਗ ਪਰੇ ਕਰਿਵਾਇ ਤਿਹਾਵਲ
ਆਪ ਖਰੋ ਹੁਇ ਜਾਵਹਿਗੋ॥
ਹਾਥ ਕੋ ਜੋਰਿ ਕਰੈ ਅਰਦਾਸ
ਮਨੋਰਥ ਕੋ ਮਨ ਲਜਾਵਹਿਗੋ॥
ਕਜੋਂ ਨ ਕਹੋ ਤਿਹ ਪੂਰਨ ਹ੍ਵੈ ਚਿਤ
ਚਾਹਤਿ ਸੋ ਨਰ ਪਾਵਹਿਗੋ॥੧੧॥

ਸਿੱਖ ਸਰੀਰ ਤਜ਼ੈ ਤਿਸ ਪੀਛਹਿ
ਗ੍ਰਿੰਥ ਕੋ ਪਾਠ ਕਰਾਵਹਿਗੋ॥
ਪੋਸ਼ਿਸ਼ ਕੋ ਅਰਪੈ ਤਬਿ ਪਾਠਕ
ਭੋਜਨ ਚਾਰੁ ਖੁਲਾਵਹਿਗੋ॥

ਔਰ ਜਥਾ ਸ਼ਕਤੀ ਤਹਿੰ ਸੇਵਹਿ
ਲਜਾਇ ਕਰਾਹੁ ਬ੍ਰਤਾਵੈਗੋ॥
ਸੋ ਸਿਖ ਹੋਇ ਸੁਖੈਨ ਮਹਾਂ,
ਪਰਲੋਕ ਬਿਖੈ ਹਰਖਾਵਹਿਗੋ॥੧੨॥

ਔਰ ਕਹਾਂ ਲਗਿ ਜੇ ਜਗ ਕਾਰਜ
ਪਾਠ ਕਰੈ ਸਿਧ ਹੋਵਹਿੰਗੇ।
ਸੰਤ ਮਹੰਤ ਚਹੈਂ ਨਹਿ ਧੋ* ਪਠਿ
ਪ੍ਰੇਮ ਕਰੇ ਪ੍ਰਭ ਜੋਵਹਿੰਗੇ।
ਦਜੋਸ ਨਿਸਾ ਸਿਮਰੈਂ ਸਤਿਨਾਮ
ਕਿ ਗ੍ਰਿੰਥ ਪਠੈਂ ਅਘ ਖੋਵਹਿੰਗੇ।
ਅੰਤ ਸਮੇਂ ਜਮ ਕੋ ਨ ਪਿਖੈਂ
ਮਿਲਿ ਆਇ ਹਮੈਂ ਸੁ ਅਲੌਂਵਹਿੰਗੇ॥੧੩॥
(ਰਾਸ ੩ ਅੰਸੂ ੫੦)

ਹੁਣ ਵੀਚਾਰ ਇਹ ਤੁਰੀ ਕਿ ਕਲਿਜੁਗ ਦੇ ਬੋਹਿਥ ਸ੍ਰੀ ਪਾਵਨ ਸਬਦਾਵਤਾਰ ਗੁਰਬਾਣੀ ਸੰਗ੍ਰਹਿ ਦਾ ਨਿਵਾਸ ਕਿੱਥੇ ਹੋਵੇ? ਸੋ ਸਭ ਤੋਂ ਸ੍ਰੇਸ਼ਟ ਸਥਾਨ ਸ੍ਰੀ ਹਰਿਮੰਦਰ ਵੀਚਾਰਿਆ ਗਿਆ। ਗ੍ਰੰਥੀ ਦੀ ਸੇਵਾ ਲਈ ਪਰਮ ਯੋਗ ਹਸਤੀ ਸ੍ਰੀ ਬਾਬਾ ਬੁੱਢਾ ਜੀ ਵੀਚਾਰੇ ਗਏ। ਸਤਿਗੁਰ ਜੀ ਦੀ ਇਸ ਵਿਚਾਰ ਨਾਲ ਸਾਰੇ ਮੁਖੀ ਸਿਖ ਸਹਿਮਤ ਸਨ ਸੋ ਇਕ ਦਿਨ ਸਵੇਰੇ, ਪਹਿਰ ਰਾਤ ਰਹੀ, ਰਾਮ ਸਰ ਗਏ। ਆਪ ਸ੍ਰੀ ਗੁਰੂ ਜੀ, ਭਾਈ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਸਾਰਿਆਂ ਨੇ ਇਸ਼ਨਾਨ ਕੀਤਾ, ਫੇਰ ਵਡੀ ਬੇਰ ਹੇਠ ਧਜਾਨ ਮਗਨ ਬੈਠ ਗਏ। ਜਿਸ ਨੂੰ ਕਵੀ ਜੀ ਐਉਂ ਅਪਣੀ ਸੁੰਦਰਤਾ ਵਿਚ ਵਰਣਨ ਕਰਦੇ ਹਨ :-

* ਪਾਠ:- ਚਹੈਂ ਰਿਦ ਧੋ= ਰਿਦੈ ਵਿਚ ਚਾਹ ਕਰਕੇ ਐਉਂ- ਪ੍ਰੇਮ ਨਾਲ ਪਾਠ ਕਰਨਗੇ।

ਇਮ ਬਿਚਾਰ ਕਰਿ ਨਿੰਦ੍ਰਾ ਪਾਈ।
ਜਾਗੇ ਜਾਮਨਿ* ਜਾਮ ਰਹਾਈ।
ਬੁੱਢਾ ਪੁਨ ਗੁਰਦਾਸ ਸੁ ਜਾਗੇ।
ਸ੍ਰੀ ਗੁਰ ਚਰਨ ਪ੍ਰੇਮ ਮਹਿਂ ਪਾਗੇ॥੨੭॥
ਸੌਚ ਰਾਮਸਰ ਕੀਨਿ ਸ਼ਨਾਨਾ।
ਬੱਦ੍ਰੀ ਤਰੁ ਬੈਠੇ ਕਰਿ ਧਜਾਨਾ।
ਦ੍ਵੈ ਘਟਿਕਾ ਲਖਿ ਅੰਮ੍ਰਿਤ ਕਾਲਾ।
ਸ੍ਰੀ ਅਰਜਨ ਬਚ ਕਹਜੋ ਰਸਾਲਾ॥੨੮॥
'ਬੁੱਢਾ ਨਿਜ ਸਿਰ ਪਰ ਧਰਿ ਗ੍ਰੰਥ।
ਆਗੇ ਚਲਹੁ ਸੁਧਾਸਰ ਪੰਥ'।
ਮਾਨਿ ਬਾਕ ਲੈ ਭਯੋ ਅਗਾਰੇ।
ਚਮਰ ਗੁਰੂ ਅਰਜਨ ਕਰ ਧਾਰੇ॥੨੯॥
ਸੰਖ ਅਨਿਕ ਲਘੁ ਦੁੰਦਭਿ ਬਾਜੇ।
ਜੈ ਜੈ ਕਾਰ ਊਚ ਸੁਰ ਗਾਜੇ।
ਸੁੰਦਰ ਸ੍ਰੀ ਹਰਿ ਗੋਵਿੰਦ ਚੰਦ।
ਸੰਗ ਚਲਤਿ ਹੁਇ ਸ਼ੋਭ ਬਿਲੰਦ॥੩੦॥
ਹਰਿ ਮੰਦਰ ਮਹਿਂ ਜਾਇ ਪਹੂਚੈ।
ਰਾਗੀ ਰਾਗ ਕਰਤ ਸੁਰ ਊਚੇ।
ਮੰਜੀ ਸਹਤ ਗ੍ਰਿੰਥ ਤਹਿਂ ਥਾਪਿ।
ਬੈਠੇ ਨਿਕਟ ਗੁਰੂ ਤਬਿ ਆਪਿ॥੩੧॥
ਵਾਰ ਭੋਗ ਕੇ ਸੁਨਿ ਮਨ ਲਾਈ।
ਸ੍ਰੀ ਅਰਜਨ ਪੁਨ ਗਿਰਾ ਅਲਾਈ।
'ਬੁੱਢਾ ਸਾਹਿਬ ਖੋਲਹੁ ਗ੍ਰਿੰਥ।
ਲੇਹੁ ਅਵਾਜ਼ ਸੁਨਹਿ ਸਭਿ ਪੰਥ'॥੩੨॥

---
* ਰਾਤ

ਸੁਨਿ ਗੁਰ ਬਚਨ ਰੁਚਿਰ ਮਨ ਲਾਯਕ।
ਸੱਤ ਬਾਕ ਮੁਖ ਜਲਜ ਅਲਾਇਕ
ਅਦਬ ਸੰਗ ਤਬਿ ਗ੍ਰਿੰਥ ਸੁ ਖੋਲਾ।
ਲੇ ਅਵਾਜ਼ ਬੁੱਢਾ ਮੁਖਿ ਬੋਲਾ॥੩੩॥

(ਰਾਸ ੩ ਅੰਸੂ ੫੦)

ਸੂਹੀ ਮਹਲਾ ੫॥*
ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ
ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ
ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ
ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ
ਨਾਨਕ ਨਾਮੁ ਧਿਆਇਆ॥੧॥.....

ਚੌਪਈ॥ ਸੁਨਿ ਸਭਿ ਹੂੰ ਤਬਿ ਸੀਸ ਨਿਵਾਯੋ।
ਦੀਨ ਬੰਧੁ ਪ੍ਰਭੁ ਤਿਨ ਲਖਿ ਪਾਯੋ।
ਸ੍ਰੀ ਗੁਰ ਕਰ ਤੇ ਚਮਰ ਫਿਰੰਤਾ।
ਬੁੱਢਾ ਜਪੁਜੀ ਪਾਠ ਕਰੰਤਾ॥੩੪॥

---

* ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪਰਕਾਸ਼ ਕੀਤਾ ਤਾਂ ਇਹ ਹੁਕਮਨਾਮਾ ਆਇਆ ਜੋ ਪੰਨਾ ੭੮੩ 'ਤੇ ਹੈ।

ਸੰਗਤਿ 'ਧੰਨ ਧੰਨ' ਸੁਨਿ ਕਹੈ।
ਅਧਿਕ ਅਨੰਦ ਪ੍ਰੇਮ ਤੇ ਲਹੈ।
ਜਪੁਜੀ ਭੋਗ ਪਾਇ ਜੈਕਾਰਾ।
ਸੀਸ ਨਿਵਾਵਤਿ ਸਭਿਨਿ ਉਚਾਰਾ॥੩੫॥
ਅਤਿ ਅਨੰਦ ਸ੍ਰੀ ਅਰਜਨ ਨਾਥ।
ਭਏ ਕ੍ਰਿਤਾਰਥ ਮਾਨਿ ਸਨਾਥ।
ਅਧਿਕ ਪ੍ਰੇਮ ਤੇ ਗਦ ਗਦ ਹੋਏ।
ਗੁਨ ਗਨ ਸ੍ਰੀ ਪਰਮੇਸ਼ੁਰ ਜੋਏ॥੩੯॥
(ਰਾਸਿ ੩ ਅਸੂ ੫੦)

ਜਦ ਰਾਤ ਪਈ ਤਦ ਸ੍ਰੀ ਬੁੱਢਾ ਜੀ ਨੇ ਪੁੱਛਿਆ ਕਿ ਰਾਤ ਨੂੰ ਇਸ ਪਰਮ ਪਵਿਤ੍ਰ ਸ਼ਬਦ ਬ੍ਰਹਮ ਪ੍ਰਭੂ ਸਰੂਪ ਪਾਵਨ ਬੀੜ ਦਾ ਨਿਵਾਸ ਕਿਵੇਂ ਤੇ ਕਿੱਥੇ ਕਰਨਾ ਹੈ? ਤਾਂ ਸ੍ਰੀ ਗੁਰੂ ਜੀ ਨੇ ਆਗਿਆ ਕੀਤੀ :-

ਸ੍ਰੀ ਗੁਰ ਕਹਜੋ "ਪ੍ਰਭੂ ਦਰਬਾਰਾ।
ਗ੍ਰਿੰਥ ਪ੍ਰਮੇਸੁਰ ਕੋ ਅਵਤਾਰਾ।
ਡੇਢ ਜਾਮ ਜਾਮਨਿ* ਜਬ ਜਾਇ॥
ਪਠਹਿਂ ਸੋਹਿਲਾ ਕੀਰਤਨ ਗਾਇ॥੪੩॥
ਬਹੁਰੋ ਲੇ ਜਾਵਹੁ ਅਸਵਾਰਾ।
ਜਿਸੀ ਕੋਠਰੀ ਰਹਨਿ ਹਮਾਰਾ।
ਤਹਾਂ ਨਿਵਾਸ ਕਰਹੁ ਜੁਤਿ ਮਾਨ।
ਜਾਮ ਡੇਢ ਜਾਮਨਿ ਰਹਿ ਆਨ॥੪੪॥
ਸ੍ਰੀ ਹਰਿ ਮੰਦਿਰ ਤਬਹਿ ਸ਼ਨਾਨਹੁ।
ਫਰਸ਼ ਅਨੇਕ ਭਾਂਤਿ ਕੇ ਠਾਨਹੁ।
ਦੀਪਕ ਸਦਾ ਘ੍ਰਿੱਤ ਕੇ ਬਾਰੋ।
ਜਾਮ ਨਿਸਾ ਜਬਿ ਰਹੀ ਨਿਹਾਰੋ॥੪੫॥

---

੧. ਰਾਤ

ਰਾਗੀ ਆਸਾ ਵਾਰ ਸੁ ਗਾਵਹਿਂ।
ਅਨਿਕ ਰਾਗ ਕੇ ਸ਼ਬਦ ਸੁਨਾਵਹਿਂ।
ਦ੍ਵੈ ਘਟਿਕਾ ਜਾਮਨਿ ਰਹਿ ਜਬੈ।
ਆਨਹੁ ਸ੍ਰੀ ਗ੍ਰਿੰਥ ਸਾਹਿਬ ਤਬੈ॥੪੬॥
ਵਾਰ ਭੋਗ ਤੇ ਖੋਲਿ ਪਢੀਜੈ।
ਇਸੀ ਪ੍ਰਕਾਰ ਕਾਰ ਨਿਤ ਕੀਜਹਿ''।
ਇਮ ਕਹਿ ਸ੍ਰੀ ਗੁਰ ਬੈਠਿ ਰਹਾਏ।
ਚੌਕੀ ਸੁਨੀ ਕਾਨੜਾ ਗਾਏ॥੪੭॥
ਬਹੁਰ ਸੋਹਿਲਾ ਪਠਿ ਕਰਿ ਪਾਸਿ।
ਉਠਿ ਤਬਿ ਸਭਿ ਕੀਨਸਿ ਅਰਦਾਸ।
ਬੁੱਢੇ ਗ੍ਰਿੰਥ ਲੀਨ ਸਿਰ ਧਾਰੀ।
ਚਵਰ ਕਰਹਿਂ ਗੁਰ ਵਾਰੰ ਵਾਰੀ॥੪੮॥
ਸੰਖਨਿ ਕੀ ਧੁਨਿ ਕੀਨਿ ਬਿਸਾਲਾ।
ਬਾਦਿਤ ਅਪਰ ਬਜੇ ਤਿਸ ਕਾਲਾ।
ਰਹੈਂ ਕੋਠਰੀ ਮਹਿਂ ਗੁਰ ਸਦਾ।
ਗਮਨਹਿਂ ਸਦਨ ਅਪਨੇ ਕਦਾ॥੪੯॥
ਤਿਹ ਸਥਾਨ ਲੇ ਕਰਿ ਜਬਿ ਗਏ।
ਸੁਠ ਪ੍ਰਯੰਕ ਤਬਿ ਡਾਸਤਿ ਭਏ।
ਸੇਜ ਬੰਦ ਗੁੰਫੇ ਬਡ ਜ਼ਰੀ।
ਸੁੰਦਰ ਫੂਲਨਿ ਮਾਲਾ ਧਰੀ॥੫੦॥
ਤਹਾਂ ਨਿਵਾਸ ਗ੍ਰਿੰਥ ਕੋ ਕੀਨੋ।
ਸ੍ਰੀ ਗੁਰ ਭੂਤਲ ਨਿਕਟ ਅਸੀਨੋ॥
ਕਬਿ ਕਬਿ ਸਦਨ ਆਪਨੇ ਜਾਂਹਿ।
ਨਾਂਹਿ ਤ ਰਹੈਂ ਗ੍ਰਿੰਥ ਕੇ ਪਾਹਿ॥੫੧॥ (ਰਾਸ ੩ ਅੰਸੂ ੫੦)

(ਪੁਸਤਕ ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੨ 'ਚੋਂ)

੬.

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾਈ ਦਾ ਅਸੂਲ

ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦਾ ਵਜੂਦ ਸਿੱਖਾਂ ਵਿਚ ਗੁਰੂ ਦਾ ਵਜੂਦ ਹੈ ਅਰ ਇਸਨੂੰ ਕੋਈ ਖੰਡ ਨਹੀਂ ਸਕਦਾ। ਇਸ ਵਜੂਦ ਨੂੰ ਖੰਡ ਦਿੱਤਾ ਗਿਆ ਸੀ, ਜਿਸਦਾ ਜ਼ਿੰਮਾ ਭਸੌੜ ਦੇ ਪੰਚ ਖੰਡ ਨਾਮ ਵਾਲੇ ਦੀਵਾਨ ਆਪਣੇ ਜ਼ਿੰਮੇ ਲੈਂਦੇ ਹਨ ਅਰ ਇਸਦੇ ਸਕੱਤ੍ਰ ਤੇ ਕਾਰਕੁਨ ਬਾਬੂ ਤੇਜਾ ਸਿੰਘ ਜੀ ਭਸੌੜ ਨਿਵਾਸੀ ਹਨ। ਦੋ ਬਰਸ ਦੇ ਲਗ ਪਗ ਹੋਏ[੧] ਤਾਂ ਐਸੀਆਂ ਬੀੜਾਂ ਤਿਆਰ ਕਰਾਈਆਂ ਗਈਆਂ ਜਿਨ੍ਹਾਂ ਵਿਚੋਂ ਰਾਗ ਮਾਲਾ ਨੂੰ ਖੰਡ ਦਿੱਤਾ ਗਿਆ, ਇਹਨਾਂ ਦਾ ਪ੍ਰਚਾਰ ਚੁਪ ਚਾਪ ਹੁੰਦਾ ਰਿਹਾ, ਆਮ ਤੌਰ ਤੇ ਨਾਂ ਬੀੜ ਖੰਡ ਕਰਨ ਤੋਂ ਪਹਿਲਾਂ ਨਾਂ ਪਿੱਛੋਂ ਕੋਈ ਪੰਥ ਤੋਂ ਆਗਜਾ ਲਈ ਗਈ, ਨਾਂ ਪੰਥ ਵਿਚ ਇਹ ਗੱਲ ਵਿੱਦਤ ਕੀਤੀ ਗਈ। ਇਕ ਅਰਸੇ ਦੇ ਮਗਰੋਂ ਟਾਪੂ ਨਿਵਾਸੀ ਕਿਸੇ ਸੱਜਨ ਵਲੋਂ 'ਪੰਥ ਸੇਵਕ'[੨] ਵਿਚ ਇਸ਼ਤਿਹਾਰ ਛਪ ਗਿਆ, ਜਿਸਦੇ ਪ੍ਰਗਟ ਹੋਣੇ ਪਰ ਅਖੰਡਤਾਈ ਦੇ ਅਸੂਲ ਭੰਗ ਹੋਣ ਤੇ ਅਗਲੇ ਤੌਖਲੇ ਪਰ ਤਸ਼ਵੀਸ਼ ਹੋਈ। ਇਸ ਪਰ 'ਖਾਲਸਾ ਸਮਾਚਾਰ' ਨੇ ਤੇ ਪੰਥ ਦੇ ਪ੍ਰਸਿੱਧ ਅਖਬਾਰਾਂ 'ਲਾਇਲ ਗਜ਼ਟ', 'ਖਾਲਸਾ ਐਡਵੋਕੇਟ' ਤੇ 'ਪੰਜਾਬ ਦਰਪਨ' ਨੇ ਪੁਕਾਰ ਕੀਤੀ ਅਤੇ ਇਸ ਸਾਰੀ ਹਾਲਤ ਦੀ ਵੀਚਾਰ ਦੇ ਹਾਲਾਤ ਛਾਪੇ।

ਮਾਮਲਾ ਇਹ ਹੈ, ਕਿ:- ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਦਸੋਂ ਗੁਰੂ ਸਾਹਬਾਨ ਇਕ ਰੂਪ ਗੁਰੂ

੧. ਇਹ ਲੇਖ ੮ ਨਵੰਬਰ, ੧੯੧੭ 'ਚ ਖਾਲਸਾ ਸਮਾਚਾਰ ਵਿਚ ਛਪਿਆ ਸੀ।
੨. ਰਸਾਲੇ ਦਾ ਨਾਮ ਹੈ।

ਹਨ, ਓਹਨਾਂ ਵਲੋਂ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਤੇ ਸਾਰੇ ਮਗਰ ਲੱਗਣ ਵਾਲੇ ਸਿੱਖ ਹੋਏ। ਪਰ ਸਿੱਖ ਦਾ ਧਰਮ ਗੁਰੂ ਜੀ ਦੀ ਆਗਜਾ ਪਾਲਨ ਕਰਨੀ ਹੈ, ਗੁਰੂ ਪਰ ਕਿੰਤੂ ਕਰਨਾ, ਗੁਰੂ ਦੇ ਵਜੂਦ ਨੂੰ ਜਾਂਚਣਾ, ਭਾਲਣਾ, ਤੋਲਨਾ, ਫੈਸਲਾ ਕਰਨਾ ਇਹ ਕੰਮ ਸਿੱਖ ਨਹੀਂ ਕਰਦਾ। ਸਿੱਖ ਉਹੋ ਹੈ ਜਿਸਨੇ ਤਸਲੀਮ ਕਰ ਲਿਆ ਕਿ ਇਹ ਮੇਰਾ ਗੁਰੂ ਹੈ। ਜਿਸਨੂੰ ਗੁਰੂ ਤਸਲੀਮ ਕਰ ਲੀਤਾ, ਫਿਰ ਉਸਦੇ ਸਿੱਖ ਅਨੁਸਾਰੀ ਤੇ ਤਾਬਿਆ ਹੈ। ਗੁਰੂ ਪਰ ਸ੍ਰਧਾ, ਭ੍ਰੋਸਾ, ਸਿਦਕ, ਈਮਾਨ ਇਹ ਸਿੱਖ ਦੀ ਸਿੱਖੀ ਦੇ ਲੱਛਨ ਹਨ, ਜੋ ਇਹ ਛੱਡਕੇ ਗੁਰੂ ਦੇ ਵਜੂਦ ਪਰ ਕਿੰਤੂ ਕਰ ਸਕਦਾ ਹੈ, ਓਹ ਸਿੱਖੀ ਦੀ ਸੰਗਜਾ ਵਿਚ ਰਹਕੇ ਨਹੀਂ ਕਰ ਸਕਦਾ। ਸਿੱਖ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਨੂੰ ਗੁਰੂ ਮੰਨਦੇ ਹਨ, ਇਹ ਜਾਂਚ ਕਿ ਕਿਹੜੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਰਹੇ ਤੇ ਕੇਹੜੀ ਨਾਂ ਰਹੇ, ਸਿੱਖ ਨਹੀਂ ਕਰ ਸਕਦਾ, ਗੁਰਬਾਣੀ ਦੀ ਪਛਾਣ ਗੁਰੂ ਸਾਹਬਾਨ ਨੂੰ ਸੀ, ਗੁਰੂ ਜੀ ਨੇ ਗੁਰੂ ਗ੍ਰੰਥ ਰਚਕੇ ਗੁਰੂ ਥਾਪ ਦਿੱਤਾ। ਸਿੱਖ ਤ੍ਰਿਕਾਲ ਦਰਸ਼ੀ ਨਹੀਂ, ਗੁਰੂ ਤ੍ਰਿਕਾਲ ਦਰਸ਼ੀ ਹੈ, ਸਿੱਖ ਦੀ ਪਹੁੰਚ 'ਧੁਰ' ਤਕ ਨਹੀਂ, ਗੁਰੂ ਦੀ ਪਹੁੰਚ ਧੁਰ ਤਕ ਹੈ, ਇਸ ਲਈ ਜੋ ਬਾਣੀ ਗੁਰੂ ਜੀ ਨੇ ਇਕ ਥਾਂ ਕਰਕੇ, ਗੁਰੂ ਗ੍ਰੰਥ ਨਾਮ ਰੱਖਕੇ ਸਾਡੇ ਸਿਰ ਪਰ ਗੁਰੂ ਥਾਪ ਦਿੱਤਾ ਓਹ ਗੁਰੂ ਹੈ। ਉਸ ਪਰ ਸਿੱਖਾਂ ਦੀ ਮਾਨੁਖੀ ਦੇਹ ਤੇ ਕਮਜ਼ੋਰ ਅਕਲ ਦੀਆਂ ਦਲੀਲਾਂ ਤੇ ਮਨ ਦੀਆਂ ਉਕਤੀਆਂ ਨਾਲ ਜੋੜਾਂ ਤੋੜਾਂ ਕਰਨੀਆਂ ਸਿੱਖ ਦੇ ਹੱਕ ਤੋਂ ਬਾਹਰ ਹਨ। ਗੈਰ ਲੋਕ ਸੰਸੇ ਕਰਦੇ ਹਨ, ਸਾਰੇ ਮਤਾਂ ਤੇ ਪੁਸਤਕਾਂ ਪਰ ਕਰਦੇ ਹਨ, ਪਰ ਜੋ ਕਿਸੇ ਨੂੰ ਗੁਰੂ ਮੰਨ ਲੈਂਦਾ ਹੈ, ਓਹ ਗੁਰੂ ਮੰਨਕੇ ਆਪਣੇ ਗੁਰੂ ਪਰ ਸੰਸਾ ਨਹੀਂ ਕਰ ਸਕਦਾ, ਗੁਰੂ ਦੀ ਨਿਆਂ ਨਹੀਂ ਕਰ ਸਕਦਾ, ਉਸ ਪਾਸ ਕੋਈ ਕਸਵੱਟੀ ਨਹੀਂ ਜੋ ਫੈਸਲਾ ਕਰ ਸਕੇ ਕਿ ਗੁਰੂ ਬਾਣੀ, ਧੁਰ ਦੀ ਬਾਣੀ, ਸਤਿਗੁਰੂ ਨੂੰ ਜੋ ਪ੍ਰਮਾਣੀਕ ਹੋਈ ਸੋ ਬਾਣੀ ਐਉਂ ਦੀ ਹੁੰਦੀ, ਆਹ ਉਸਦੀ ਪਰਖ ਹੈ। ਉਸਨੂੰ ਲੋੜ ਹੈ ਗੁਰੂ ਦੀ ਬਾਣੀ ਦੇ ਭੰਡਾਰ (ਗੁਰੂ ਗ੍ਰੰਥ ਸਾਹਿਬ) ਦੀ ਕਿ ਇਹ ਸਤਗੁਰਾਂ ਦਾ ਵਜੂਦ ਹੈ ਤੇ ਮੈਂ ਇਹਨਾਂ ਦੇ ਹੁਕਮ ਵਿਚ

ਟੁਰਨਾ ਹੈ, ਜੋ ਕੋਈ ਗੁਰੂ ਜੀ ਨੂੰ (ਦਸੋਂ ਸਤਗੁਰਾਂ ਦੇ ਰੂਪ ਗੁਰੂ ਗ੍ਰੰਥ ਸਾਹਿਬ ਜੀ ਨੂੰ) ਗੁਰੂ ਨਹੀਂ ਮੰਨਦਾ ਓਹ ਸਿੱਖ ਭੀ ਨਹੀਂ ਕਿਹਾ ਜਾ ਸਕਦਾ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਹੀ ਸਿੱਖੀ ਦਾ ਲੱਛਣ ਹੈ, ਸਿੱਖ ਦਾ ਕੰਮ ਆਪਣੇ ਸਤਗੁਰੂ ਤੇ ਛਾਨ ਬੀਨ ਕਰਨੀ ਨਹੀਂ, ਸਤਗੁਰਾਂ ਦਾ ਹੁਕਮ ਮੰਨਣਾ ਸਿੱਖੀ ਹੈ।

ਇਹ ਅਸੂਲ ਹੈ। ਇਸ ਅਸੂਲ ਨੂੰ ਗੁਰੂ ਅਰਜਨ ਦੇਵ ਜੀ ਨੇ ਆਪ ਭੰਗ ਨਹੀਂ ਕੀਤਾ, ਜਦੋਂ-ਰਵਾਇਤ ਹੈ- ਕਿ ਲਾਹੌਰ ਦੇ ਸੂਬੇ ਨੇ ਮੁਹੰਮਦ ਸਾਹਬ ਦੀ ਉਸਤਤ ਵਿਚ ਦਰਜ ਕਰਨ ਲਈ ਕਿਹਾ ਸੀ ਤਾਂ ਅਪ੍ਰਵਾਣ ਕੀਤਾ ਤੇ ਆਪਣਾ ਸੀਸ ਦੇ ਦਿੱਤਾ। ਜਦੋਂ ਔਰੰਗਜ਼ੇਬ ਦੇ ਦਰਬਾਰ ਵਿਚ ਇਕ ਲਫਜ਼ ਬਦਲਿਆ ਗਿਆ ਤਾਂ ਸੱਤਵੇਂ ਸਤਗੁਰਾਂ ਨੇ ਆਪਣੇ ਕਰਾਮਾਤੀ ਪੁਤ੍ਰ-ਪੁਤ੍ਰ ਜਿਸਤੋਂ ਪਿਆਰਾ ਹੋਰ ਕੋਈ ਸੰਸਾਰਕ ਪਦਾਰਥ ਨਹੀਂ- ਸੋ ਆਪ ਨੇ ਤਿਆਗ ਕਰ ਦਿੱਤਾ। ਪਰ ਲਫਜ਼ ਦੀ ਤਬਦੀਲੀ ਜੋ ਉਸ ਕਰਾਮਾਤੀ ਪੁਤ੍ਰ ਨੇ ਕੀਤੀ ਸੀ ਪਰਵਾਨ ਨਾਂ ਕੀਤੀ, ਇਸੀ ਤਰਾਂ ਸਿਰਫ਼ ਤਰਤੀਬ ਦੀ ਤਬਦੀਲੀ ਪੰਥ ਦੇ ਪਿਆਰੇ ਗਜਾਨੀ ਭਾਈ ਮਨੀ ਸਿੰਘ ਜੀ ਨੇ ਵਿਚਾਰੀ ਸੀ ਕਿ ਪੰਥ ਨੇ ਫੌਰਨ ਰੋਕ ਦਿੱਤਾ ਅਰ ਆਗਜਾ ਨਹੀਂ ਦਿੱਤੀ। ਸਾਡਾ ਮਤਲਬ ਕੇਵਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਦੀ ਪਰਖ ਤੇ ਉਸਦਾ ਵਜੂਦ ਬੰਨਣਾ ਗੁਰੂ ਦਾ ਕੰਮ ਸੀ ਤੇ ਸਤਗੁਰਾਂ ਨੇ ਇਹਨਾਂ ਦੇ ਵਜੂਦ ਨੂੰ ਕਿਸੇ ਸਿੱਖ ਦੀ ਪਰਖ, ਤਬਦੀਲੀ, ਜਾਂਚ, ਪੜਤਾਲ ਦਾ ਮੁਥਾਜ ਨਹੀਂ ਰੱਖਿਆ। ਸਿੱਖ ਲਈ ਇਹੋ ਅਸੂਲ ਬੱਝਾ ਤੇ ਕਾਇਮ ਰਿਹਾ ਕਿ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਵਜੂਦ ਅਖੰਡਨ ਰੂਪ ਹੈ।

ਇਹ ਅਸੂਲ ਹੈ ਤੇ ਪਰੰਪਰਾ ਤੋਂ ਹੈ, ਇਸੇ ਵਿਚ ਸਲਾਮਤੀ ਹੈ। ਜੇ ਇਹ ਅਸੂਲ ਕਾਇਮ ਨਾ ਰਹੇ ਤਾਂ ਗੁਰੂ ਗ੍ਰੰਥ ਸਾਹਬ ਜੀ ਦਾ ਓਹ ਸਰੂਪ, ਜੋ ਅਸਲੀ ਹੈ, ਕਾਇਮ ਨਹੀਂ ਰਹ ਸਕਦਾ, ਤੇ ਲੋਕਾਂ ਨੂੰ ਅਦਲੀ

ਬਦਲੀ ਦੀ ਖੁੱਲ੍ਹ ਹੋ ਜਾਂਦੀ ਹੈ ਤੇ ਸਮਾਂ ਪਾਕੇ ਗੜ ਬੜ ਮਚ ਜਾਂਦੀ ਹੈ। ਇਤਹਾਸ ਗਵਾਹ ਹੈ, ਮਨੂੰ ਸਿਮ੍ਰਤੀ, ਮਹਾਂ ਭਾਰਤ ਤੇ ਭਾਗਵਤ ਸਾਰਿਆਂ ਦਾ ਅਸਲੀ ਸਰੂਪ ਨਹੀਂ ਮਿਲਦਾ, ਪਰ ਜੇ ਅਖੰਡਤਾਈ ਦਾ ਇਕ ਅਸੂਲ ਹੁੰਦਾ, ਖੁਲ੍ਹ ਦੀ ਰੋਕ ਹੁੰਦੀ, ਹਰ ਹਿੰਦੂ ਹਿਰਦਾ ਸ਼ਰਧਾ ਤੇ ਭਗਤੀ ਦੇ ਨੁਕਤੇ ਤੋਂ ਇਹਨਾਂ ਗ੍ਰੰਥਾਂ ਨੂੰ ਅਖੰਡ ਮੰਨਦਾ ਤਾਂ ਵਧਾ ਘਟਾ ਨਾਂ ਹੁੰਦੇ। ਸਿੱਖਾਂ ਵਿਚ ਇਹ ਫ਼ਖ਼ਰ ਦੀ ਗੱਲ ਹੈ ਕਿ ਅਸਲੀ ਗੁਰੂ ਅਰਜਨ ਦੇਵ ਜੀ ਵਾਲੀ ਬੀੜ ਦਾ ਵਜੂਦ ਮੌਜੂਦ ਹੈ, (ਗੁਰੂ ਗ੍ਰੰਥ ਸਾਹਿਬ ਜੀ ੧੬੬੧ ਬ੍ਰਿ: ਵਿਚ ਵਿੱਦਤ ਸਰੂਪ ਵਿਚ ਆਏ, ਇਸ ਸੰਮਤ ਤੇ ੧੬੬੨ ਬ੍ਰਿ: ਦੇ ਸੰਮਤ ਦੀਆਂ ਬੀੜਾਂ ਹੋਰ ਭੀ ਮੌਜੂਦ ਸੁਣੀਦੀਆਂ ਹਨ।) ਇਸ ਲਈ ਸਿੱਖ ਇਸ ਅਖੰਡਤਾਈ (In violability) ਦੇ ਅਸੂਲ ਨੂੰ ਕਾਇਮ ਰੱਖਕੇ ਆਪਣੇ ਸਤਗੁਰ ਦੇ ਵਜੂਦ ਨੂੰ ਅਸਲੀ ਰੂਪ ਵਿਚ ਸਦਾ ਦਰਸ਼ਨ ਕਰ ਸਕਦੇ ਹਨ। ਤਾਂਤੇ ਇਹ ਸਿੱਖੀ ਦਾ ਮੁਖ ਅਸੂਲ ਹੈ, ਇਸਨੂੰ ਅਸਾਂ ਕਾਇਮ ਰੱਖਨਾ ਹੈ।

ਜਦੋਂ ਚੁਪ ਚਾਪ ਇਹ ਅਸੂਲ ਤੋੜ ਦਿੱਤਾ ਗਿਆ*, ਤਾਂ ਦੋ ਬਰਸ ਦੇ ਲਗ ਪਗ ਧੂੰ ਤਕ ਨਹੀਂ ਨਿਕਲਿਆ, ਜਿਸਤੋਂ ਨਤੀਜਾ ਨਿਕਲਦਾ ਹੈ ਕਿ ਖੰਡਨ ਕਰਨ ਵਾਲਿਆਂ ਨੂੰ ਆਪ ਪਤਾ ਸੀ ਕਿ ਇਹ ਕੰਮ ਚੰਗਾ ਨਹੀਂ ਹੈ। ਜਦ ਮਲਕੜੇ ਜਹੇ ਸੂੰਧਕ ਜਿਹੀ ਨਿਕਲੀ ਤਾਂ ਪੰਥ ਨੇ ਆਪਣੇ ਅਸੂਲ ਤੇ ਆਵਾਜ਼ ਉਠਾਈ। ਹੁਣ ਵੇਖਣਾ ਇਹ ਹੈ ਅਰ ਸ਼ਾਂਤ ਚਿੱਤ ਹੋਕੇ ਵੇਖਣਾ ਚਾਹੀਏ ਕਿ ਆਯਾ ਸਾਨੂੰ ਇਸ ਅਖੰਡਤਾਈ ਦੇ ਅਸੂਲ ਨੂੰ ਕਾਇਮ ਰੱਖਣਾ ਹੈ ਕਿ ਨਹੀਂ? ਅਤੇ ਇਸਦੇ ਤੋੜਨ ਨਾਲ ਅਸੂਲ ਤੋੜਨ ਤੋਂ ਵੱਖਰੇ ਭਜਾਨਕ ਫਲ ਪੈਦਾ ਹੋਕੇ ਆਪਾ ਧਾਪੀ ਮਚਨ ਦਾ ਡਰ ਹੈ ਕਿ ਨਹੀਂ? ਜਦ ਡਰ ਹੈ ਤਾਂ ਹਰ ਗੁਰਸਿੱਖ ਦਾ ਇਹ ਧਰਮ ਹੈ ਕਿ ਅਵਾਜ਼ ਉਠਾਵੇ ਤੇ ਜਿਨ੍ਹਾਂ ਤੋਂ ਭੁਲ ਹੋਈ ਹੈ ਉਨ੍ਹਾਂ ਦਾ ਸਿੱਖੀ ਧਰਮ ਹੈ ਕਿ ਇਸਨੂੰ ਦਰੁਸਤ ਕਰਨ।

* ਦੇਖੋ ਇਸ ਲੇਖ ਦਾ ਪਹਿਲਾ ਪਹਿਰਾ।

ਆਪ ਵੀਚਾਰ ਕਰੋ ਕਿ ਜੋ ਬਾਣੀ ਗੁਰੂ ਸਾਹਬ ਜੀ ਨੇ ਗੁਰੂ ਗ੍ਰੰਥ ਸਾਹਬ ਜੀ ਵਿਚ ਚਾੜ੍ਹ ਦਿੱਤੀ ਓਹ ਚੜ੍ਹ ਗਈ ਤੇ ਜਦ ਗੱਦੀ ਗੁਰਾਂ ਨੇ ਦੇ ਦਿੱਤੀ ਤਾਂ ਗੁਰੂ ਗ੍ਰੰਥ ਸਾਹਬ ਗੁਰੂ ਹੋ ਗਏ, ਸਭ ਪਰਖਾਂ ਸਤਗੁਰ ਨੇ ਕਰ ਲਈਆਂ। ਹੁਣ ਅਸੀਂ ਜੇ ਪਰਖ ਕਰਨ ਬੈਠੀਏ ਤਾਂ ਉੱਪਰ ਦੱਸੇ ਅਸੂਲ ਨਾਲ ਸਾਡਾ ਹੱਕ ਕੋਈ ਨਹੀਂ ਤੇ ਫੇਰ ਭੁਲਣ ਅੰਦਰ ਹੋਣ ਕਰਕੇ ਠੇਡੇ ਖਾਵਾਂਗੇ। ਮਸਲਨ:-

(ੳ) ਕੋਈ ਆਖੇ ਮੈਂ ਗੁਰਬਾਣੀ ਉਸਨੂੰ ਮੰਨਾਂਗਾ ਜਿਸਦੇ ਉੱਪਰ ਗੁਰੂ ਸਾਹਬ ਦਾ ਨਾਮ ਹੋਵੇ, ਸੋ ਕੋਈ ਬਾਣੀ ਐਸੀ ਨਹੀਂ ਕਿ ਜਿਸਦੇ ਉੱਪਰ ਲਿਖਿਆ ਹੋਵੇ ਕਿ ਇਹ ਸ੍ਰੀ ਮੁਖ ਵਾਕ ਗੁਰੂ ਨਾਨਕ ਦੇਵ ਜੀ ਯਾ ਸ੍ਰੀ ਮੁਖ ਵਾਕ ਗੁਰੂ ਰਾਮਦਾਸ ਜੀ ਦੀ ਹੈ, ਫੇਰ ਅਸੀਂ ਸਾਰੀ ਬਾਣੀ ਤੋਂ ਵਾਂਜੇ ਜਾਵਾਂਗੇ।

(ਅ) ਜੇ ਕੋਈ ਕਹੇ ਕਿ ਉਪਰ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪ ਆਦਿ ਲਿਖਿਆ ਹੋਵੇ, ਇਸਨੂੰ ਗੁਰ ਬਾਣੀ ਮਨਾਂਗੇ, ਤਾਂ ਸੋਚੋ ਕਿ ਸ੍ਰੀ ਜਪੁਜੀ ਸਾਹਿਬ ਉੱਤੇ ਕੋਈ ਮਹਲਾ ਨਹੀਂ ਹੈ, ਤਾਂ ਸਾਨੂੰ ਇਸ ਗੁਰਬਾਣੀ ਤੋਂ ਵਾਂਜੇ ਜਾਣਾ ਪਏਗਾ।

(ੲ) ਭਲਾ ਜੇ ਕੋਈ ਕਹੇ ਕਿ ਅੰਤ ਵਿਚ 'ਨਾਨਕ' ਨਾਮ ਵਾਲੀ ਬਾਣੀ ਨੂੰ ਗੁਰਬਾਣੀ ਸਹੀ ਕਰਾਂਗੇ ਤਾਂ ਅਨੇਕਾਂ ਹਿੱਸੇ ਬਾਣੀ ਦੇ ਐਸੇ ਹਨ ਜਿਨ੍ਹਾਂ ਵਿਚ ਨਾਨਕ ਨਾਮ ਨਹੀਂ ਹੈ। ਮਸਲਨ 'ਖੰਭ ਵਿਕਾਂਦੜੇ ਜੇ ਲਹਾਂ ਘਿਨਾ ਸਾਵੀ ਤੋਲਿ। ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ।'

(ਸ) ਜੇ ਕਹੋ ਕਿ ਗੁਰਬਾਣੀ ਦਾ ਇਹ ਲੱਛਣ ਹੈ ਕਿ ਉਸ ਵਿਚ ਪਰਮੇਸੁਰ ਦੀ ਭਗਤੀ ਉਪਾਸ਼ਨਾਂ ਦਾ ਭਾਵ ਭਰਿਆ ਹੋਵੇ, ਤਦ ਵੇਖੋ ਇਹਨਾਂ ਤੁਕਾਂ ਵਿਚ ਨਾਂ ਭਗਤੀ ਹੈ, ਨਾਂ ਪਰਮੇਸੁਰ ਦੀ ਉਪਾਸ਼ਨਾਂ, ਪਿਆਰ, ਬ੍ਰਹਮ ਗਜ਼ਾਨ ਆਦਿ ਕੁਛ ਹੈ, ਜੈਸਾ ਕਿ "ਲਲਾਂ ਬਹਲੀਮਾ ਕੀ ਧੁਨੀ ਗਾਵਣੀ", 'ਟੁੰਡੇ ਅਸਰਾਜੈ ਕੀ ਧੁਨੀ', 'ਏਕੁ ਸੁਆਨ ਕੈ ਘਰਿ

ਗਾਵਣਾ' ਇਹ ਸਾਰੀਆਂ ਧੁਨਾਂ ਸਾਨੂੰ ਛੱਡ ਦੇਣੀਆਂ ਪੈਣਗੀਆਂ। ਹਾਲਾਂਕਿ ਸਿੱਖਾਂ ਵਿਚ ਬੱਚਾ ਬੱਚਾ ਜਾਣਦਾ ਹੈ ਕਿ ਇਹ ਧੁੰਨਾਂ ਛੇਵੀਂ ਪਾਤਸ਼ਾਹੀ ਨੇ ਆਪ ਚਾੜ੍ਹੀਆਂ ਅਰ ਏਹ ਛੇਵੇਂ ਸਤਿਗੁਰਾਂ ਦੀਆਂ ਸ੍ਰੀ ਮੁਖਵਾਕ ਹਨ।

(ਹ) ਜੇ ਆਖੋ ਕਿ ਜਿਨ੍ਹਾਂ ਬਾਣੀਆਂ ਪੁਰ ਸਾਫ਼ ਲਿਖਿਆ ਹੈ ਕਿ ਫਲਾਣੇ ਨੇ ਆਖੀ, ਉਸਨੂੰ ਕਹਾਂਗੇ ਕਿ ਇਹ ਗੁਰਬਾਣੀ ਨਹੀਂ, ਤਾਂ ਆਪ ਰਾਮਕਲੀ ਦੀ ਉਸ ਵਾਰ ਨੂੰ ਕੀ ਕਢ ਦਿਓਗੇ? ਜਿਸ ਪਰ ਲਿਖਿਆ ਹੈ 'ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ'(ਪੰਨਾ-੯੬੬)

(ਕ) ਜੇ ਆਪ ਕਹੋ ਕਿ ਜੋ ਸ਼ੈ ਇੰਨਬਿੰਨ ਯਾ ਰਤਾ ਫਰਕ ਤੇ ਸਾਨੂੰ ਕਿਸੇ ਹੋਰ ਪੋਥੀ ਵਿਚ ਲੱਝ ਜਾਵੇ ਤਾਂ ਓਹ ਛੱਡ ਦਿਆਂਗੇ। ਤਦ ਜੇ ਸ੍ਰੀ ਕਬੀਰ ਜੀ ਦੇ ਕਈ ਸ਼ਬਦ ਆਪ ਨੂੰ ਕਬੀਰ ਸਾਗਰ ਅਰ ਨਾਮਦੇਵ ਜੀ ਦੇ ਕਈ ਅਭੰਗਾਂ ਵਿਚ ਮਿਲ ਪੈਣ, ਕੀ ਆਪ ਓਹਨਾਂ ਸਾਰੇ ਸ਼ਬਦਾਂ ਨੂੰ ਕੱਢ ਦਿਓਗੇ। ਗੱਲ ਕੀ ਜਦ ਆਪ ਇਸ ਪਰੰਪਰਾ ਦੇ ਅਸੂਲ ਨੂੰ ਛੱਡ ਦਿਓਗੇ 'ਕਿ ਸਤਗੁਰ ਨੇ ਜੋ ਬਾਣੀ ਗੁਰੂ ਗ੍ਰੰਥ ਸਾਹਬ ਜੀ ਵਿਚ ਚਾੜ੍ਹ ਦਿੱਤੀ ਓਹ ਗੁਰੂ ਗ੍ਰੰਥ ਸਾਹਬ ਵਿਚੋਂ ਕਿਵੇਂ ਕੱਢੀ ਨਹੀਂ ਜਾ ਸਕਦੀ' ਤਦ ਆਪ ਦੇਖੋ ਕਿ ਸਿਵਾ ਗੜ ਬੜ ਪੈਣ ਦੇ ਕੋਈ ਨਤੀਜਾ ਨਹੀਂ ਨਿਕਲੇਗਾ। ਇਸ ਲਈ ਸਤਗੁਰ ਦੇ ਵਜੂਦ ਨੂੰ ਅਖੰਡ ਰੱਖਣਾ ਇਹੀ ਸਲਾਮਤੀ ਦਾ ਅਸਲੀ ਤੇ ਅਜ਼ਲੀ ਪਰੰਪਰਾ ਦਾ ਅਸੂਲ ਠੀਕ ਹੈ ਅਰ ਸਲਾਮਤੀ ਏਸੇ ਵਿਚ ਹੈ, ਇਸਨੂੰ ਭੰਗ ਕਰਨਾ ਅਸੂਲ ਭੰਗ ਕਰਨਾ ਹੈ ਤੇ ਇਸਦਾ ਫਲ ਭਿਆਨਕ ਹੈ।

ਦੂਸਰਾ ਪੱਖ ਜੋ ਲਿਆ ਜਾਂਦਾ ਹੈ ਕਿ ਅਸੀਂ ਖੋਜ ਕਰ ਸਕਦੇ ਹਾਂ ਓਹ ਗਲਤ ਹੈ। ਗੁਰੂ ਦੀ ਕੀਤੀ ਤੇ ਕੋਈ ਖੋਜ ਗੁਰੂ ਦੀ ਕੀਤੀ ਨੂੰ ਉਲੱਦਣ ਦਾ ਹੱਕ ਸਿੱਖ ਨੂੰ ਨਹੀਂ ਦੇਂਦੀ। ਭਲਾ ਜੇ ਦਲੀਲ ਦੀ ਖਾਤਰ ਅਰਥਾਤ ਇੰਞੇ ਪਲ ਭਰ ਲਈ ਇਸ ਪਾਸੇ ਵੀਚਾਰ ਦੀ ਵਾਗ ਮੋੜੀਏ, ਤਦ ਭੀ ਜਿਨ੍ਹਾਂ ਨੇ ਬੀੜ ਭੰਗ ਕੀਤੀ ਹੈ, ਓਹਨਾਂ ਨੇ ਜੇ ਇਸ ਆਪਣੇ ਨਵੇਂ ਖਿਆਲ ਤੋਂ ਕੀਤੀ ਹੈ ਤਾਂ ਭੀ ਓਹਨਾਂ ਨੇ ਆਪਣੇ ਹੀ ਨਕਤੇ ਤੋਂ

ਭੁਲ ਕੀਤੀ ਹੈ। ਓਹਨਾਂ ਨੇ ਪੰਥ ਵਿਚ ਮੁਸ਼ਕਲ ਨੰਬਰ ੨ ਕਹਕੇ ਰਾਗ ਮਾਲਾ ਪਰ ਆਸ਼ੰਕਾਂ ਕੀਤੀਆਂ, ਇਹ ਉਨ੍ਹਾਂ ਦੀ ਮੁਸ਼ਕਲ ਇਕ ਹੋਰ ਵਿਦਵਾਨ ਨੇ ਰਾਗਮਾਲਾ ਮੰਡਨ ਲਿਖਕੇ ਹੱਲ ਕਰ ਦਿੱਤੀ। ਹੁਣ ਯੋਗ ਏਹ ਸੀ ਕਿ ਪਹਲੇ ਸ਼ੰਕਾ ਕਰਨ ਵਾਲੇ ਉਸ ਹੱਲ ਦੇ ਪ੍ਰਤਿ ਉੱਤਰ ਦੇਂਦੇ, ਫੇਰ ਉਸਦੇ ਪ੍ਰਤਿ ਉੱਤ੍ਰ ਦੀ ਉਡੀਕ ਕਰਦੇ, ਜਦ ਇਸ ਤਰਾਂ ਦੇ ਵਟਾਂਦ੍ਰੇ ਨਾਲ ਮਾਮਲਾ ਤੈਹ ਹੋ ਜਾਂਦਾ ਤਦ ਸਿੱਟਾ ਪੰਥ ਨੂੰ ਦੱਸਦੇ, ਪੰਥ ਫਿਰ ਵੀਚਾਰ ਕਰਦਾ, ਪਰ ਇਹ ਕੁਛ ਨਹੀਂ ਕੀਤਾ ਗਿਆ। ਪਰੰਤੂ ਇਹ ਵਿਚਾਰ ਜੋ ਉਪਰ ਕੀਤੀ ਹੈ ਅਸੀਂ ਕੇਵਲ ਇਸ ਲਈ ਕੀਤੀ ਹੈ ਕਿ ਬੀੜ ਖੰਡਨ ਵਾਲੇ ਸਜਨਾਂ ਆਪਣੇ ਨੁਕਤੇ ਤੋਂ ਭੀ ਭੁਲ ਕੀਤੀ ਹੈ। ਅਸਲ ਅਸੂਲ ਅਸੀਂ ਉੱਪਰ ਦੱਸ ਆਏ ਹਾਂ ਜੋ ਕਿਸੇ ਸਿੱਖ ਮਾਤ੍ਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦੀ ਬੀੜ ਵਿਚ ਚੜ੍ਹੀ ਬਾਣੀ ਦੀ ਛਾਨ ਬੀਨ ਦਾ ਕੋਈ ਹੱਕ ਨਹੀਂ ਹੈ, ਕਿਉਂਕਿ ਗੁਰੂ ਗ੍ਰੰਥ ਸਾਹਬ ਗੁਰੂ ਹਨ, ਸਿੱਖ ਨੇ ਆਪਣੇ ਗੁਰੂ ਦਾ ਅਨੁਸਾਰੀ ਹੋਣਾ ਹੈ ਪ੍ਰੀਖਜਕ ਨਹੀਂ ਹੋਣਾ।

ਦੂਸਰੇ ਮੁਸ਼ਕਲ ਨੰਬਰ ੨ ਵਿਚ ਨਹੀਂ ਦੱਸਿਆ ਗਿਆ ਕਿ ਰਾਗ ਮਾਲਾ ਅਸੀਂ ਬੀੜ ਵਿਚੋਂ ਕੱਢ ਦੇਣ ਦੀ ਤਜਵੀਜ ਕਰਦੇ ਹਾਂ। ਕੌਣ ਸੁਪਨੇ ਵਿਚ ਇਹ ਖਿਆਲ ਕਰ ਸਕਦਾ ਸੀ ਕਿ ਇਹ ਮੁਸ਼ਕਲ ਨੰਬਰ ੨ ਨਹੀਂ, ਪਰ ਬੀੜ ਤੋੜ ਦੇਣ ਦਾ ਐਲਾਨ ਹੈ। ਕਹਣਾ ਤਾਂ ਇਹ ਕਿ 'ਰਾਗ ਮਾਲਾ ਦਾ ਭੋਗ ਨਾਲ ਸੰਬੰਧ ਨਹੀਂ' ਤੇ ਅਮਲ ਇਹ ਕਰਨਾ ਕਿ ਬੀੜ ਨੂੰ ਖੰਡਤ ਕਰ ਦੇਣਾ। 'ਭੋਗ ਨਾਲ ਸੰਬੰਧ' ਨਹੀਂ ਤੋਂ ਕੋਈ ਇਹ ਸਮਝ ਪੈਂਦੀ ਹੈ ਕਿ ਬੀੜ ਤੋੜ ਦੇਣੀ ਹੈ? ਮੁਸ਼ਕਲ ਵਾਲਿਆਂ ਦੀ ਮੁਸ਼ਕਲ ਇਹ ਹੈ ਕਿ ਓਹ ਰਾਗ ਮਾਲਾ ਦੇ ਭੋਗ ਨਾਲ ਸੰਬੰਧ ਪਰ ਵੀਚਾਰ ਪੇਸ਼ ਕਰਦੇ ਹਨ ਤੇ ਰਾਗ ਮਾਲਾ ਵਿਚ ਓਹਨਾਂ ਨੂੰ ਭਗਤੀ ਨਾਂ ਵੇਖਕੇ ਅਨਮਤੀਆਂ ਦੇ ਇਤ੍ਰਾਜ਼ਾਂ ਤੋਂ ਘਬਰਾ ਹੋਇਆ ਹੈ ਤੇ ਇਸਦਾ ਦਾਰੂ ਲੱਭਦੇ ਹਨ।

ਬੀੜ ਖੰਡਨ ਵਾਲਿਆਂ ਦੇ ਆਪਣੇ ਨੁਕਤੇ ਤੋਂ ਇਹ ਇਕ ਵੱਖਰੀ ਗੱਲ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅਖੰਡ ਰਹਿ ਕੇ ਇਹ

ਗੱਲ ਵੇਲੇ ਵੇਲੇ ਸਿਰ ਵਿਚਾਰ ਵਿਚ ਆ ਸਕਦੀ ਹੈ ਤੇ ਬੀੜ ਦੇ ਅਖੰਡ ਵਜੂਦ ਦੀ ਕਾਇਮੀ ਇਸਤੇ ਕਈ ਤਰਾਂ ਰੌਸ਼ਨੀ ਪਾ ਸਕਦੀ ਹੈ। ਹਰ ਸ਼ਖਸ ਆਪੋ ਆਪਣੀ ਸਮਝ ਅਨੁਸਾਰ ਇਸ ਔਕੜ ਤੇ ਆਪਣਾ ਖਿਆਲ ਪਰਗਟ ਕਰ ਸਕਦਾ ਸੀ, ਪਰ ਭੁਲਣ ਅੰਦਰ ਸਭ ਕੋ ਹੈ (ਭਾਵੇਂ ਭੁਲ ਅਚੇਤ ਭੀ ਕਿਉਂ ਨਾ ਹੋਵੇ) ਪਰ ਕਿਸੇ 'ਭੁੱਲਣਹਾਰ' ਜੀਵ ਵਲੋਂ ਅਭੁਲ ਗੁਰੂ (ਗੁਰੂ ਗ੍ਰੰਥ ਸਾਹਿਬ) ਕਰਤਾਰ ਨੂੰ ਖੰਡਤ ਕਰਨਾ ਇਕ ਹੋਰ ਗੱਲ ਹੈ, ਇਹ ਗੁਰਸਿੱਖੀ ਦੇ ਪਰਮ ਪਵਿਤ੍ਰ ਅਸੂਲ ਦਾ ਤੋੜਨਾ ਹੀ ਨਹੀਂ ਸਿੱਖੀ ਦੀਆਂ ਨੀਹਾਂ ਨੂੰ ਖੋਦਣਾ ਹੈ, ਕਿਉਂਕਿ ਸਿੱਖੀ ਦੀ ਕਾਇਮੀ ਕੇਵਲ ਤਦ ਤਕ ਹੈ ਜਦ ਤਕ ਗੁਰਸਿੱਖ "ਗੁਰੂ (ਗੁਰੂ ਗਰੰਥ ਸਾਹਿਬ) ਕਰਤਾਰ" ਨੂੰ ਅਭੁਲ ਮੰਨਦੇ ਹਨ, ਜਦ ਇਹ ਮੁਖ ਅਸੂਲ ਕਿਸੇ ਭੀ ਮਨ ਦੀ ਯੁਕਤੀ ਯਾ ਯਕੀਨ ਕਰਕੇ (ਭਾਵੇਂ ਸ਼ੁਭ ਇੱਛਜਾ ਨਾਲ ਭੀ ਕਿਉਂ ਨਾਂ ਹੋਵੇ) ਟੁਟਾ, ਤਦੋਂ ਸਿੱਖੀ ਦੀ ਜੜ੍ਹ ਪੋਲੀ ਹੋਈ ਤੇ ਅਨਮਤੀਆਂ ਯਾ ਦਿਲ ਚਲੇ ਸੱਜਣਾਂ ਦੇ ਹੱਥੋਂ ਸਿੱਖੀ ਦਾ ਨਬੂਦ ਹੋ ਜਾਣਾ ਸੰਭਵ ਹੋ ਗਿਆ। ਸੋ ਇਸ ਖੋਜ ਦੇ ਉਪਰਾਲੇ ਤੋਂ ਜੋ ਰਾਗ ਮਾਲਾ ਦਾ ਭੋਗ ਨਾਲ ਕੀ ਸੰਬੰਧ ਹੈ ਕੋਈ ਇਹ ਕੀਕੂੰ ਸਮਝ ਸਕਦਾ ਸੀ ਕਿ ਚੁਪ ਕੀਤੇ ਰਾਗ ਮਾਲਾ ਕੱਢਕੇ ਅੰਦਰੇ ਅੰਦਰ ਖੰਡਤ ਬੀੜਾਂ ਦਾ ਪਰਚਾਰ ਸ਼ੁਰੂ ਹੋ ਜਾਏਗਾ।

ਮੁਸ਼ਕਲ ਨੰ: ੨ ਦੇ ਜੁਾਬ ਦਾ ਮੁਸ਼ਕਲ ਪੈਦਾ ਕਰਨ ਵਾਲੇ ਜਵਾਬ ਦੇਂਦੇ, ਦੁਵੱਲੀ ਆਪਣੀਆਂ ਖੋਜਾਂ ਦਾ ਕੰਮ ਜਾਰੀ ਰਹਿੰਦਾ, ਗੁਰਮੁਖਤਾਈ ਨਾਲ ਜਿਸ ਸਿੱਧਾਂਤ ਤੇ ਅੱਪੜਦੇ ਓਹ ਪ੍ਰਗਟ ਕਰਦੇ, ਫਿਰ ਮਾਮਲਾ ਪੰਥ ਦੇ ਪੇਸ਼ ਹੋਂਦਾ, ਫੇਰ ਜੋ ਫੈਸਲਾ ਹੋਂਦਾ ਹੋਂਦਾ। ਇਹ ਸਾਰਾ ਕੁਛ ਨਹੀਂ ਕੀਤਾ ਗਿਆ, ਕਿਆ ਇਹ ਸਰੀਹ ਅਯੋਗ ਨਹੀਂ ਅਰ ਕਰਨ ਵਾਲਿਆਂ ਦੇ ਆਪਣੇ ਨੁਕਤੇ ਤੋਂ ਗਲਤ ਨਹੀਂ? ਅਸੀਂ ਇਹ ਕੇਵਲ ਦੁਰਜਨ ਤੋਸ਼ ਨਜਾਜ ਤੋਂ ਲਿਖਿਆ ਹੈ। ਸਾਡਾ ਅਸੂਲ ਤਾਂ ਇਹੀ ਹੈ ਕਿ ਹਰ ਇਨਸਾਨ 'ਗੁਰੂ' ਪਦਵੀ ਤੋਂ ਨੀਵਾਂ ਹੈ, ਅਰ ਜੋ ਪਦਵੀ ਕੇਵਲ ਦਸਾਂ ਗੁਰੂ ਸਾਹਿਬਾਂ ਤੋਂ ਸਿਵਾ ਕਿਸੇ ਪੀਰ ਪੈਗੰਬਰ ਅਵਤਾਰ ਨੂੰ ਭੀ ਨਸੀਬ

ਨਹੀਂ, ਗੁਰੂ ਗਰੰਥ ਸਾਹਬ ਦੀ ਬਾਣੀ ਪਰ ਫੈਸਲਾ ਕਰਨ ਨਹੀਂ ਬੈਠ ਸਕਦਾ ਤੇ ਦਸਮੇਂ ਪਾਤਸ਼ਾਹ ਜੀ ਦੇ ਟਿਕੇ ਹੋਏ ਸ੍ਰੀ ਗੁਰੂ ਗਰੰਥ ਸਾਹਬ ਜੀ ਦੇ ਵਜੂਦ ਨੂੰ ਅਦਲ ਬਦਲ ਨਹੀਂ ਸਕਦਾ।

ਸੋ ਖਾਲਸਾ ਸਮਾਚਾਰ ਨੇ ਆਪ ਗੁਰੂ ਪਰਮੇਸੁਰ ਤੇ ਪੰਥ ਦੇ ਸਿੱਖੀ ਦੇ ਯਕੀਨੀ ਅਸੂਲ ਨੂੰ ਪੰਥ ਦੀ ਸੇਵਾ ਵਿਚ ਬਿਨੈ ਕੀਤਾ ਹੈ, ਇਸ ਉੱਚੇ ਅਸੂਲ ਨੂੰ ਸਪਸ਼ਟ ਤੇ ਸਾਫ ਪਰਗਟ ਕਰਨ ਤੇ ਗੁਰੂ ਪਰਮੇਸੁਰ ਦੇ ਚਰਨਾਂ ਵਿਚ ਸੁਰਖਰੋਈ ਦੀ ਯਾਚਨਾਂ ਹੈ। ਇਹ ਗੱਲ ਸਾਫ ਬਿਨੈ ਕੀਤੀ ਜਾਂਦੀ ਹੈ ਜੋ ਇਸ ਬਿਨੈ ਦਾ ਕਾਰਨ ਨਾਂ ਕੋਈ ਰੰਜ ਹੈ ਨਾਂ ਰੋਸ, ਨਾਂ ਕਿਸੇ ਆਪਣੇ ਜਾਂ ਦੂਸਰੇ ਸੱਜਣ ਦੀ ਪਕੜ, ਨਾਂ ਹੀ ਕਿਸੇ ਆਪਣੇ ਬਿਗਾਨੇ ਜਾਂ ਆਪਣੇ ਕਿਸੇ ਹਿਤੂ ਦਾ ਕਥਨ, ਇਹ ਅਵਾਜ਼ ਕੇਵਲ ਗੁਰੂ ਪਰਮੇਸੁਰ ਦੀ ਸੇਵਾ ਦੀ ਖਾਤਰ ਸਿੱਖੀ ਦੇ ਪਰਮ ਪਜਾਰ ਕਰਕੇ ਪੰਥ ਦੀ ਸੇਵਾ ਵਿਚ ਉਠਾਈ ਗਈ ਹੈ, ਹੋਰ ਇਸਦਾ ਕੋਈ ਕਾਰਨ ਨਹੀਂ। ਜੋ ਜੋ ਮਨ ਕਲਪਤ ਕਾਰਣ ਕੋਈ ਕੋਈ ਸੱਜਣ (ਅਸਲ ਅਸੂਲ ਤੋਂ ਲਾਂਭੇ ਹੋਕੇ) ਵਰਣਨ ਕਰ ਰਹੇ ਹਨ ਓਹ ਗਲਤ ਹਨ ਤੇ ਬਿਲਕੁਲ ਬੇਬੁਨਜਾਦ ਹਨ। ਖਾਲਸਾ ਸਮਾਚਾਰ ਨੂੰ ਕਿਸੇ ਸਿੱਖ ਨਾਲ ਨਾਂ ਰੋਸ ਹੈ ਨਾਂ ਰੰਜ, ਨਾਂ ਨਾਰਾਜ਼ਗੀ ਹੈ, ਜੋ ਕੁਝ ਸੱਚ ਸੱਚ ਹੈ ਪੰਥ ਦੀ ਸੇਵਾ ਵਿਚ ਬਿਨੈ ਕੀਤਾ ਗਿਆ ਹੈ। ਜੇ ਇਸ ਸੱਚ ਬਿਨੈ ਕਰਨ ਦੀ ਖਾਤਰ ਕਿਸੇ ਭੀ ਕਾਰਣ ਕਿਸੇ ਪਾਸੇ ਤੋਂ ਸਮਾਚਾਰ ਨੂੰ ਬੁਰਾ ਭਲਾ ਕਿਹਾ ਜਾ ਰਿਹਾ ਹੈ ਯਾ ਕਿਹਾ ਗਿਆ ਹੈ ਤਾਂ 'ਸੱਚੇ' ਤੇ ਸੱਚ ਦੇ ਪਿਆਰੇ ਇਸਦਾ ਰੰਜ ਨਾਂ ਕਰਨ, ਓਹ ਕੇਵਲ ਗੁਰੂ ਸਿੱਖੀ ਦੇ ਪਵਿਤ੍ਰ ਅਸੂਲ ਦੀ ਕਿ "ਗੁਰੂ ਗਰੰਥ ਸਾਹਿਬ ਜੀ ਦੀ ਬੀੜ ਸਦਾ ਅਖੰਡ ਰਹਣੀ ਚਾਹੀਏ"* ਰਾਖੀ ਕਰਨ ਤੇ ਗੁਰਬਾਣੀ ਜੋ

---

* ਵਧੇਰੇ ਵਿਸਥਾਰ ਲਈ ਦੇਖੋ ਪਿਛੇ ਅਧਿਆਇ ਵਿਚ ਲੇਖ "ਰਾਗਮਾਲਾ" ਤੇ ਡਾ. ਬਲਬੀਰ ਸਿੰਘ ਜੀ ਦਾ ਬੜੀ ਡੂੰਘੀ ਖੋਜ ਭਰਿਆ ਤੇ ਬੜੀ ਮੇਹਨਤ ਕਰਕੇ ਲਿਖਿਆ ਵਿਸਥਾਰ ਪੁਸਤਕ "ਰਾਗਮਾਲਾ" ਵਿਚ ਜੋ ਕਿ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਤੋਂ ਮਿਲ ਸਕਦੀ ਹੈ। -ਸੰਪਾਦਕ

ਆਗਜਾ ਦੇਂਦੀ ਹੈ ਉਸਦੀ ਪਾਲਣਾ ਕਰਨ। ਇਹੀ ਆਵਾਜ਼ ਹੈ ਜੋ ਸਤਗੁਰਾਂ ਦੇ ਚਰਨਾਂ ਵਿਚ ਤੇ ਸਤਗੁਰਾਂ ਦੇ ਪਜਾਰਯਾਂ ਦੀ ਸੇਵਾ ਵਿਚ ਸਮਾਚਾਰ ਬਿਨੈ ਕਰ ਸਕਦਾ ਹੈ।*

{ਖਾ: ਸ: ੮ ਨਵੰਬਰ, ੧੯੧੭ 'ਚੋਂ}

## ੭.

# ਦਮਦਮੀ ਬੀੜ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਆਦਿ ਬੀੜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਚਯ ਕੀਤੀ, ਜਿਸ ਦੀ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਦੁਆਰਾ ਸਿਰੇ ਚੜ੍ਹੀ। ਇਹ ਬੀੜ ਸੰਪੂਰਣ ਹੋਈ ਭਾਦ੍ਰੋਂ ਵਦੀ ਏਕਮ ਸੰਮਤ ੧੬੬੧ ਬਿ: ਨੂੰ। ਇਸ ਦਾ ਉਤਾਰਾ ਭਾਈ ਬੰਨੋ ਸਾਹਿਬ ਨੇ ਇਸੇ ਸਮੇਂ ਦੇ ਨੇੜੇ ਤੇੜੇ ਕੀਤਾ, ਪਰ ਉਨ੍ਹਾਂ ਨੇ ਉਸ ਵਿਚ ਪੰਚਮ ਪਾਤਸ਼ਾਹ ਜੀ ਦੀ ਆਦਿ ਬੀੜ ਨਾਲੋਂ ਕੁਝ ਵਾਧੇ ਕਰ ਦਿਤੇ ਜੋ ਸਤਿਗੁਰਾਂ ਨੇ ਪ੍ਰਵਾਣ ਨਾਂ ਕੀਤੇ। ਪਰ ਆਦਿ ਬੀੜ ਉਤਾਰਿਆਂ ਹਿਤ ਸੁਲਭ ਨਾ ਰਹਿਣ ਕਰਕੇ ਭਾਈ ਬੰਨੋ ਸਾਹਿਬ ਵਾਲੀ ਬੀੜ ਸਿਖੀ ਵਿਚ ਵਿਸ਼ੇਸ਼ ਤੌਰ ਤੇ ਪ੍ਰਚਾਰ ਪਾ ਗਈ ਤੇ ਸੈਂਕੜੇ ਤੇ ਹਜ਼ਾਰਾਂ ਇਸ ਦੇ ਉਤਾਰੇ ਤੇ ਉਤਾਰਿਆਂ ਦੇ ਉਤਾਰੇ ਹੋਏ। ਭਾਈ ਬੰਨੋ ਸਾਹਿਬ ਜੀ ਦੀ ਬੀੜ ਦੇ ਉਤਾਰਾ ਕਰਨਹਾਰਾਂ ਨੇ ਬੀੜ ਦੇ ਲਿਖਣ ਸਮੇਂ ਇਸ ਵਿਚ ਚੋਖੇ ਫਰਕ ਪਾ ਦਿਤੇ ਜੋ ਇਸ ਬੀੜ ਨੂੰ ਆਦਿ ਬੀੜ ਤੋਂ ਚੋਖਾ ਦੂਰ ਲੈ ਗਏ।

ਕਲਗੀਧਰ ਪਾਤਸ਼ਾਹ ਜਦ ਜੰਗਾਂ ਜੁੱਧਾਂ ਤੋਂ ਵਿਹਲੇ ਹੋ ਕੇ ਦਮਦਮੇ ਸਾਹਿਬ ਪਧਾਰੇ, ਇਹ ਸੰਮਤ ੧੭੬੨-੬੩ ਦੀ ਗੱਲ ਹੈ, ਤੇ ਆਪ ਓਥੇ ਟਿਕ ਕੇ ਨੌਂ ਮਹੀਨੇ ਨੌਂ ਦਿਨ ਰਹੇ, ਤਾਂ ਇਸ ਅਰਸੇ ਵਿਚ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਤਮ ਸੰਪੂਰਣ ਰੂਪ ਭਾਈ ਮਨੀ ਸਿੰਘ ਜੀ ਦੁਆਰਾ ਤਿਆਰ ਕਰਵਾਇਆ ਤੇ ਇਹ ਭਾਈ ਬੰਨੋ ਜੀ ਦੀ ਬੀੜ ਦੇ ਆਧਾਰ ਤੇ ਨਹੀਂ ਪਰ ਪੰਚਮ ਪਾਤਸ਼ਾਹ ਜੀ ਦੀ ਪਵਿਤ੍ਰ ਆਦਿ ਬੀੜ ਦੇ ਆਧਾਰ ਤੇ ਰਚਿਆ। ਨੌਵੇਂ ਪਾਤਸ਼ਾਹ ਦੀ ਬਾਣੀ, ਸ਼ਬਦ ਤੇ ਸ਼ਲੋਕ, ਸ਼ੁਧ ਸਰੂਪ ਵਿਚ ਇਸ ਵਿਚ ਵਧਾਏ ਤੇ ਬੀੜ ਨੂੰ ਸੰਪੂਰਣਤਾ

ਦਿਤੀ। ਜੋ ਬੀੜ ਆਪ ਨੇ ਇਸ ਅਸਥਾਨ ਤੇ ਤਿਆਰ ਕੀਤੀ ਇਸੇ ਨੂੰ ਆਪਣੇ ਜੋਤੀ ਜੋਤ ਸਮਾਉਣ ਸਮੇਂ ਗੁਰਤਾ ਗੱਦੀ ਪਰ ਅਸਥਾਪਨ ਕੀਤਾ ਇਹ 'ਦਮਦਮੀ ਬੀੜ' ਅਖਵਾਈ ਤੇ ਗੁਰਤਾ ਗਦੀ ਦੇਣ ਦੇ ਸਮੇਂ, ੧੭੬੫ ਬਿ. (੧੭੦੮ ਈ.), ਤੋਂ ਹੁਣ ਤਕ ਇਹੋ ਗੁਰੂ ਸਰੂਪ ਵਿਚ ਪੂਜੀ ਤੇ ਪੰਥ ਵਿਚ ਗੁਰਤਾ ਦੇ ਸਿੰਘਾਸਣ ਤੇ ਬਿਰਾਜਮਾਨ ਮੰਨੀ ਜਾਂਦੀ ਹੈ ਤੇ ਇਸੇ ਦਾ ਘਰ ਘਰ ਪ੍ਰਚਾਰ ਹੋ ਰਿਹਾ ਹੈ।

੧. ਦਮਦਮੀ ਬੀੜ ਦੇ ਰਚਣ ਅਤੇ ਇਸਨੂੰ ਦਸਮੇਸ਼ ਦੁਆਰਾ ਗੁਰਤਾ ਗੱਦੀ ਪ੍ਰਾਪਤ ਹੋਣ ਦੀਆਂ ਇਤਿਹਾਸਿਕ ਸਾਖਾਂ ਮੌਜੂਦ ਹਨ। **ਗੁਰਬਿਲਾਸ ਪਾਤਸ਼ਾਹੀ ਛੇਵੀਂ**, ਜੋ ਇਕ ਪੁਰਾਤਨ ਰਚਨਾ ਹੈ, ਵਿਚ ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਗੋਵਿੰਦ ਜੀ, ਸਿਖਾਂ ਵਲੋਂ ਪ੍ਰਸ਼ਨ ਹੋਣ ਤੇ ਭਵਿੱਖਤ ਦੀ ਵਾਰਤਾ ਸਿਖਾਂ ਨੂੰ ਸੁਣਾਉਂਦੇ ਹੋਏ ਫੁਰਮਾਉਂਦੇ ਹਨ, ਕਿ ਜਦੋਂ ਅਸੀਂ ਦਸਵਾਂ ਸਰੂਪ ਧਾਰਨ ਕਰਾਂਗੇ, ਜੁੱਧਾਂ ਜੰਗਾਂ ਤੋਂ ਵਿਹਲੇ ਹੋ ਕੇ ਮਾਲਵੇ ਜਾਵਾਂਗੇ ਤਾਂ ਪਾਵਨ ਆਦਿ ਬੀੜ ਧੀਰਮਲ ਤੋਂ ਮੰਗਾਂਗੇ ਪਰ ਓਹ ਇਨਕਾਰ ਕਰ ਭੇਜੇਗਾ ਤੇ ਅਸੀਂ ਫੇਰ ਦਮਦਮੇ ਨਿਵਾਸ ਕਰਕੇ ਸਮਗ੍ਰ ਬੀੜ ਆਪ ਰਚਾਂਗੇ। ਗੁਰਬਿਲਾਸ ਦੇ ਆਪਣੇ ਅੱਖਰ ਹਨ:-

**"ਸੁਨਿਕੈ ਹਮ ਤਾਂਹਿ ਕੇ ਬੈਨਨ ਕੋ**
**ਗੁਰ ਗ੍ਰੰਥ ਕੋ ਆਦਿ ਤੇ ਅੰਤ ਉਚਾਰੋਂ।**
**ਅਛਰ ਕੋ ਇਕ ਭੇਦ ਰਹੈ ਨਹੀਂ**
**ਔਰ ਸਰੂਪ ਵਹੀ ਸੁ ਉਤਾਰੋਂ।**
**ਕਾਸ਼ੀ ਰਚੋਂ ਤਿਹ ਮਾਲਵ ਦੇਸ ਮੈਂ**
**ਮੂੜ ਪੜੈ ਹੁਇ ਬੁੱਧ ਉਦਾਰੋਂ।**
**ਨਾਉਂ 'ਦਮਾਦਮ' ਤਾਹਿ ਧਰੋਂ**
**ਸੋਊ ਪਾਵਨ ਬੀੜ ਕੋ ਨਾਮ ਸਵਾਰੋਂ॥੨੩੯॥....**
**ਪੁਨ ਮਾਲਵ ਧਰ ਜਾਇ ਕੈ ਕਾਸ਼ੀ ਤਹਾ ਬਨਾਇ।**
**ਨਾਮ ਧਰੋਂ ਤਿਹ ਦਮਦਮਾ ਮੁਕਤਿ ਭੁਗਤਿ ਫਲਦਾਇ॥੨੯੩॥**

ਤਹਾਂ ਆਦਿ ਗੁਰੁ ਗ੍ਰੰਥ ਉਚਾਰੋਂ।
ਨਵਮ ਗੁਰੂ ਬਾਣੀ ਸੰਗ ਧਾਰੋਂ॥
ਉਣਸਠ ਸਬਦ ਸਲੋਕ ਸਤਵੰਜਾ।
ਪੜੈ ਵੈਰਾਗ ਲਹੈ ਹਤ ਡੰਜਾ॥੨੮੪॥
ਦਮਦਮਾ ਕਾਂਸੀ ਸਮ ਦੁਖ ਖੋਵੈ।
ਬਹੁ ਬੁਧ ਸੁਧ ਲਿਖਾਰੀ ਹੋਵੈ॥
'ਬੀੜ ਦਮਦਮੀ' ਜਗ ਪ੍ਰਗਟਾਵੈ।
ਪੜੈ ਲਿਖੈ ਸੋ ਜਨਮ ਨ ਆਵੈ॥੨੮੫॥"
(ਅਠਵਾਂ ਅਧਿਆ)

੨. ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ ਕ੍ਰਿਤ, ਇਸ ਬਾਰੇ ਵਧੀਕ ਰੌਸ਼ਨੀ ਪਾਉਂਦਾ ਹੈ:-

"ਅਬ ਦਰਬਾਰ ਦਮਦਮਾਂ ਜਹਾਂ।
ਤੰਬੂ ਲਗਵਾ ਕੈ ਗੁਰ ਤਹਾਂ।
ਮਨੀ ਸਿੰਘ ਕੋ ਲਿਖਨ ਬਿਠੈਕੈ।
ਗੁਰ ਨਾਨਕ ਕਾ ਧਿਆਨ ਧਰੈਕੈ ।
ਨਿਤ ਪ੍ਰਤਿ ਗੁਰੂ ਉਚਾਰੀ ਜੈਸੇ।
ਬਾਣੀ ਲਿਖੀ ਮਨੀ ਸਿੰਘ ਤੈਸੇ।
ਬੀੜ ਆਦਿ ਗੁਰ ਗ੍ਰੰਥੈ ਜੇਹੀ।
ਕਰੀ ਦਸਮ ਗੁਰ ਤਿਆਰ ਉਜੇਹੀ।
ਔਰ ਪਾਠ ਸਭ ਵੈਸੇ ਰਾਖਾ।
ਅੱਖਰ ਭੇਦ ਅਨਿਕ ਥਾ ਰਾਖਾ।
ਸੋਊ ਭੇਦ ਸਿਆਨੇ ਸਿਖ ਜਾਨਤ।
ਦਸਮ ਗੁਰੂ ਕੀ ਬੀੜ ਬਖਾਨਤ।
ਔਰ ਚਾਰ ਤਿਸ ਪਰਤੈ ਭਾਏ।
ਦੀਪ ਸਿੰਘ ਸ਼ਹੀਦ ਲਿਖਾਏ।
ਇਕ ਅਕਾਲ ਬੁੰਗੇ ਇਕ ਪਟਨੇ।

ਤ੍ਰਿਤੀ ਹਜ਼ੂਰ ਦਯੋ ਹਿਤ ਪਠਨੇ।
ਚਤ੍ਰਥ ਰਖਯੋ ਦਮਦਮੇ ਚਾਹਿ।
ਬਡ ਬਾਬੇ ਇਹ ਚਾਰ ਸਦਾਹਿ।
ਅਸਲ ਦਸਮ ਗੁਰ ਵਾਲਾ ਗ੍ਰੰਥ।
ਰਹਿਓ ਬ੍ਰਿਧ ਦਲ ਪੈ ਮਧ ਪੰਥ।
ਘੱਲੂਘਾਰਾ ਜਬ ਬਡ ਥੀਓ।
ਗ੍ਰੰਥ ਦੁਰਾਨੀ ਸ਼ਾਹਿ ਸੋ ਲੀਓ॥੧੮॥"
(ਐਡੀਸ਼ਨ ੧੯੭੦, ਭਾਸ਼ਾ ਵਿਭਾਗ, ਪੰਜਾਬ, ਪੰਨਾ-੩੧੯)

੩. ਪੰਥ ਪ੍ਰਕਾਸ਼ ਨੇ ਇਸ ਪਾਵਨ ਦਮਦਮੀ ਬੀੜ ਨੂੰ ਗੁਰਤਾ ਗਦੀ ਸਮਰਪਣ ਦਾ ਪ੍ਰਸੰਗ ਬੀ ਦਿਤਾ ਹੈ ਤੇ ਐਉਂ ਲਿਖਿਆ ਹੈ:-

"ਤ੍ਰਿਤੀਆ ਕੇ ਦਿਨ ਸਿੰਘੋਂ ਨੇ ਮਿਲਿ ਅਰਜ਼ ਗੁਜ਼ਾਰੀ।
ਹਮ ਜਾਨਿਓ ਤਨ ਤਜਨ ਕੀ ਤੁਮ ਕੀਨੀ ਤਿਆਰੀ।
ਸੰਗਤ ਕੇ ਲੜ ਕੌਣ ਕੇ ਲਾ ਚਲੇ ਗੁਸਾਈਂ।
ਬਿਨੈ ਦੀਨਤਾ ਸੁਨ ਗੁਰੂ ਇਮ ਗਿਰਾ ਅਲਾਈ:
ਅਬ ਹਮ ਸੋ ਗੁਰ ਥਾਪ ਹੈਂ ਜੋ ਸੁੱਧ ਉਦਾਰੀ।
ਅਜਰ ਅਮਰ ਆਖੰਡ ਰਹਿ ਸਦ ਪਰਉਪਕਾਰੀ।
ਭੇਦ ਪੱਖ ਬਿਨ ਸਰਬ ਕੋ ਬਾਂਛਿਤ ਫਲ ਦੈਹੈ।
ਇਮ ਕਹਿ ਗੁਰੂ ਗ੍ਰੰਥ ਕਾ ਪਰਕਾਸ਼ ਕਰੈਹੈ।
ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ।
ਕਰ ਪ੍ਰਕਰਮਾ ਗੁਰੂ ਜੀ ਨਿਜ ਮਾਥ ਝੁਕਾਯੋ।
ਗੁਰੂ ਗ੍ਰੰਥ ਕੋ ਗੁਰੁ ਥਪਿਓ ਕੁਣਕਾ ਬਟਵਾਯੋ।
ਸ੍ਰੀ ਮੁਖ ਤੇ ਸਭ ਸਿਖਨ ਕੋ ਇਮ ਹੁਕਮ ਸੁਨਾਯੋ:-

ਤਥਾ ਹੀ ਸ੍ਰੀ ਮੁਖਵਾਕ-ਦੋਹਿਰਾ
ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥

ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਿਬੋ ਚਹੇ ਖੋਜ ਸ਼ਬਦ ਮੈ ਲੇਹ॥
ਸਭ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ॥
ਜਗਮਗ ਜੋਤ ਬਿਰਾਜਰੀ ਸ੍ਰੀ ਗੁਰੂ ਗ੍ਰੰਥ ਮਝਾਰ॥
ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰੁ ਗ੍ਰੰਥ॥
ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ॥
ਵਾਹਿਗੁਰੂ ਗੁਰ ਗ੍ਰੰਥ ਜੀ ਉਤੈ ਜਹਾਜ ਉਦਾਰ॥
ਜੋ ਸ਼ਰਧਾ ਧਰਿ ਸੇਵਹੈਂ ਸੋ ਉਤਰੈ ਭਵ ਪਾਰ॥
੧੧॥"

(ਗਿਆਨੀ ਗਿਆਨ ਸਿੰਘ ਕ੍ਰਿਤ ਪੰਥ ਪ੍ਰਕਾਸ਼, ਪਨਾਂ ੬੫੨-੫੩)

੪. ਗਿਆਨੀ ਜੀ ਦੇ ਇਸ ਗ੍ਰੰਥ[1] ਵਿਚ ਬੀੜ ਦਮਦਮੇ ਰਚਣ ਦਾ ਸੰਮਤ ਸਾਡੀ ਨਜ਼ਰੇ ਨਹੀਂ ਪਿਆ, ਪਰ ਜਦ ਅਸੀਂ ਉਨ੍ਹਾਂ ਦੀ ਲਿਖੀ ਤਾਰੀਖ ਗੁਰੂ ਖਾਲਸਾ (ਉਰਦੂ) ਦੇਖਦੇ ਹਾਂ ਤਾਂ ਓਥੇ ਲਿਖਿਆ ਹੈ:-

"ਮੌਜ਼ਾ ਤਲਵੰਡੀ (ਸਾਬੋ) ਮੇਂ ਜਬ ਉਨ੍ਹੋਂ ਨੇ ਦੇਖਾ ਕਿ ਹਰ ਤਰਫ਼ ਸੇ ਫਰਾਗ਼ਤ[2] ਹੈ ਔਰ ਬਾਦਸ਼ਾਹ ਕੀ ਤਰਫ਼ ਕਾ ਭੀ ਖਟਕਾ ਨਹੀਂ ਰਹਾ ਤੋ ਸ਼ੁਰੂ ਅਸੂਜ ਸੰਮਤ ੧੭੬੨ ਬਿ. ਮੇਂ ਅਪਨੇ ਕਸ਼ਫ ਬਾਤਨੀ ਔਰ ਰੂਹਾਨੀ ਤਾਕਤ ਸੇ ਇਸ ਆਦਿ ਗ੍ਰੰਥ ਸਾਹਿਬ ਕੋ, ਜਿਸੇ ਗੁਰੂ ਅਰਜਨ ਸਾਹਿਬ ਨੇ ਤਾਲੀਫ ਕੀਆ ਥਾ, ਧੀਰ ਮਲ ਕੇ ਤਾਅਨ ਸੇ ਸੁਬਕਦੋਸ਼ ਹੋਨੇ ਕੇ ਲੀਏ ਅਜ਼-ਸਰੇ-ਨੌ ਤਸਨੀਫ ਕਰਨੇ ਲਗੇ। ਯਾਨੀ ਏਕ ਖ਼ੇਮਾ ਮੇਂ ਬੈਠ ਕਰ ਹਰ ਰੋਜ਼ ਸੁਬਹ ਸੇ ਸਿਹ-ਪਹਿਰ ਦਿਨ ਚੜ੍ਹੇ ਤਕ ਅਪਨੀ ਰੂਹਾਨੀ ਕੁਵਤ ਸੇ ਇਲਾਹੀ ਕਲਾਮਾਤ ਕੋ, ਜੋ ਆਦਿ ਗ੍ਰੰਥ ਸਾਹਿਬ ਮੇਂ ਮੁੰਦਰਜ ਥੇ, ਹਰਫ ਬਹਰਫ ਜ਼ੁਬਾਨੇ ਮੁਬਾਰਕ ਸੇ ਬੋਲਤੇ ਜਾਤੇ ਔਰ ਭਾਈ ਮਨੀ ਸਿੰਘ ਜੀ ਖੈਮਾ ਕੇ ਬਾਹਰ ਕਲਮ ਬੰਦ ਕਰਤੇ ਜਾਤੇ.....। ਇਸ ਗ੍ਰੰਥ

---

੧. ਪੰਥ ਪ੍ਰਕਾਸ਼ (ਗੁਰਮੁਖੀ) ੨. ਫੁਰਸਤ।

ਸਾਹਿਬ ਮੇਂ ਉਨਹੋਂ ਨੇ ਅਪ੍ਨੇ ਵਾਲਿਦ ਬਜ਼ੁਰਗਵਾਰ ਕੇ ਕਲਾਮਾਤ ਦਰਜ ਕੀਏ ਔਰ ਇਸ ਕਾ ਨਾਮ 'ਦਮਦਮਾ ਵਾਲੀ ਬੀੜ' ਮਸ਼ਹੂਰ ਕੀਆ। ਫਿਰ ਇਸੀ ਗ੍ਰੰਥ ਸਾਹਿਬ ਸੇ ਔਰ ਬਹੁਤ ਸਾਰੇ ਗ੍ਰੰਥ ਸਾਹਿਬ ਨਕਲ ਕੀਏ ਗਏ।.....ਯਿਹ ਗ੍ਰੰਥ ਸਾਹਿਬ ਜਿਸ ਕੋ ਖ਼ੁਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮਾ ਕੇ ਮੁਕਾਮ ਪਰ ਤਸਨੀਫ ਫ਼ੁਰਮਾਇਆ ਵੋਹ ਬਜਿਨਸਹੀ* ਹਰਫ ਬਹਰਫ ਬਇਸਤਸਨਾਏ ਚੰਦ ਮੁਤਅਦਦ ਹਰੂਫ਼ ਵੋਹ ਆਦਿ ਗੁਰੂ ਗ੍ਰੰਥ ਸਾਹਿਬ ਕੀ ਗੋਇਆ ਨਕਲ ਹੈ, ਜਿਸ ਕੋ ਗੁਰੂ ਅਰਜਨ ਸਾਹਿਬ ਨੇ ਤਾਲੀਫ ਕੀਆ ਥਾ।" (ਤਾਰੀਖ ਗੁਰੂ ਖਾਲਸਾ ਉਰਦੂ-ਭਾਗ-੧, ਪੰਨਾ ੧੮੭-੧੮੮)

੫. ਇਸੇ ਤਰ੍ਹਾਂ ਖਾਲਸਾ ਤਾਰੀਖ (ਗੁਰਮੁਖੀ) ਹਿੱਸਾ ਤੀਜਾ ਦੇ ਪੰਨਾ ੮੮੨ ਪਰ ਬੀ ਇਹੋ ਉਗਾਹੀ ਕੁਝ ਮਿਲਦੇ ਜੁਲਦੇ ਅਖਰਾਂ ਵਿਚ ਉਨ੍ਹਾਂ ਨੇ ਭਰੀ ਹੈ ਤੇ ੬੯੦ ਸਫੇ ਤੇ ਇਸੇ ਬੀੜ ਨੂੰ ਗੁਰਤਾ ਗੱਦੀ ਸਮਰਪਨ ਦਾ ਲੇਖ ਦਿਤਾ ਹੈ।

੬. ਆਰੀਆ ਸਮਾਜੀ ਲਾਲਾ ਦੌਲਤ ਰਾਇ ਨੇ ਬੀ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਸਾਖੀ ਲਿਖੀ ਹੈ। ਓਹ ਬੀ ਆਪਣੀ ਰਚਨਾ ਵਿਚ ਦਮਦਮੇ ਬੀੜ ਰਚੇ ਜਾਣ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:-

"ਇਸ ਦਮਦਮੇ ਦੇ ਸਥਾਨ ਪਰ ਆਦਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਫਿਰ ਉਤਾਰਾ ਕੀਤਾ ਤੇ ਉਸ ਵਿਖੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵਧਾਇਆ। ਜਿਸ ਨੂੰ ਹੁਣ ਤਕ 'ਦਮਦਮੇ ਵਾਲੀ ਬੀੜ' ਕਰਕੇ ਉਚਾਰਦੇ ਹਨ।" (ਪੰਨਾ ੩੮੦)

੭. ਸਿਖ ਇਤਿਹਾਸ ਨੂੰ ਅੰਗ੍ਰੇਜ਼ੀ ਭਾਸ਼ਾ ਵਿਚ ਲਿਖਣ ਵਾਲੇ ਮਿ. ਮੈਕਸ ਆਰਥਰ ਮੈਕਾਲਫ ਬੀ ਆਪਣੇ ਪੁਸਤਕ 'ਦੀ ਸਿਖ ਰਿਲੀਜਨ' ਦੀ ਪੰਜਵੀਂ ਜਿਲਦ ਦੇ ਪੰਨਾ ੨੨੩ ਤੇ ਲਿਖਦੇ ਹਨ:-

---

* ਹੂਬਹੂ।

"While the Guru was at Damdama he dictated the whole of the Granth Sahib to Bhai Mani Singh and added for the first time the hymns and sloks of his father Guru Tegh Bahadur....."

ਅਰਥਾਤ- ਜਦ ਸਤਿਗੁਰੂ ਜੀ ਨੇ ਦਮਦਮੇ ਨਿਵਾਸ ਕੀਤਾ ਤਾਂ ਆਪ ਨੇ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗ੍ਰੰਥ ਸਾਹਿਬ ਲਿਖਵਾਇਆ, ਉਸ ਵਿਚ ਆਪ ਨੇ ਆਪਣੇ ਪੂਜਜ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਸ਼ਲੋਕ ਪਹਿਲੀ ਵਾਰ ਇਸ ਬੀੜ ਵਿਚ ਚੜ੍ਹਾਏ.........

੮. ਮੈਕਾਲਫ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਾਦੇੜ ਵਿਖੇ ਕਲਗੀਧਰ ਪਾਤਸ਼ਾਹ ਦੁਆਰਾ ਗੁਰਤਾ ਗੱਦੀ ਸਮਰਪਤ ਹੋਣ ਦਾ ਵਾਕਜਾ ਬੀ ਇਨ੍ਹਾਂ ਲਫਜ਼ਾਂ ਵਿਚ ਦਿਤਾ ਹੈ:-

"He opened the Granth Sahib and placing five Paise and a coconut before it solemnly bowed to it as his successor. Then uttering 'Wahiguru Ji Ka Khalsa! Wahiguru Ji Ki fateh!' he circumambulated the sacred volume and said: 'O beloved Khalsa, let him who desireth to behold me, behold the Guru Granth. Obey the Granth Sahib. It is the visible body of the Guru. And let him who desireth to meet me diligently search its hymns." (Vol.V-Page 244)

ਇਸ ਦਾ ਭਾਵ ਸਪਸ਼ਟ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਤਕ ਸੁਦੀ ਪੰਚਮੀ ੧੭੬੫ ਬਿ. (੧੭੦੮ ਈ.) ਨੂੰ ਜੋਤੀ ਜੋਤ ਸਮਾਉਣ ਲਗੇ ਤੇ ਸਿਖਾਂ ਨੇ ਪੁਛਿਆ ਕਿ ਖਾਲਸੇ ਨੂੰ ਕਿਸ ਦਾ ਪੱਲਾ ਫੜਾ ਚਲੇ ਹੋ ਤਾਂ ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਤੇ ਪੰਜ ਪੈਸੇ ਤੇ ਨਾਰੀਅਲ ਅੱਗੇ ਰਖ ਮੱਥਾ ਟੇਕ ਕੇ ਆਪਣਾ ਜਾਨਸ਼ੀਨ ਥਾਪ ਦਿਤਾ। 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ

ਫਤਹ' ਗਜਾਉਂਦਿਆਂ ਪਵਿਤ੍ਰ ਬੀੜ ਦੀ ਪ੍ਰਕਰਮਾ ਕੀਤੀ ਤੇ ਫੁਰਮਾਇਆ: 'ਓ ਪਿਆਰੇ ਖਾਲਸਾ! ਜਿਸ ਨੇ ਮੇਰਾ ਦਰਸ਼ਨ ਕਰਨਾ ਹੋਵੇ ਓਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ, ਗੁਰੂ ਗ੍ਰੰਥ ਸਾਹਿਬ ਪ੍ਰਤੱਖ ਗੁਰਾਂ ਦੀ ਦੇਹ ਹੈ, ਸਦਾ ਇਸ ਦੀ ਆਗਜਾ ਵਿਚ ਚਲਣਾ, ਜੋ ਮੈਨੂੰ ਮਿਲਣਾ ਚਾਹੇ ਓਹ ਇਸ ਦੇ ਸ਼ਬਦਾਂ ਦੁਆਰਾ ਮੈਨੂੰ ਢੂੰਡੇ।

੯. ਮਹਾਨਕੋਸ਼ ਦੇ ਕਰਤਾ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਜੀ ਨਾਭਾ ਨਿਵਾਸੀ ਬੀ ਦਮਦਮੀ ਬੀੜ ਦੇ ਸੰਬੰਧ ਵਿਚ ਆਪਣੀ ਸਾਖ ਇਉਂ ਭਰਦੇ ਹਨ:-

(ੲ) "ਸ੍ਰੀ ਗੁਰੂ ਗੋਬਿੰਦ ਸਿੰਘ ਸ੍ਵਾਮੀ ਨੇ ਦਮਦਮੇ ਦੇ ਮੁਕ਼ਾਮ ਸੰਮਤ ੧੭੬੨-੬੩ ਬਿ: ਵਿਚ ਜੋ ਆਤਮਿਕ ਸ਼ਕਤਿ ਨਾਲ ਕੰਠ ਤੋਂ ਬਾਣੀ ਉਚਾਰਣ ਕਰਕੇ ਗੁਰੂ ਗ੍ਰੰਥ ਸਾਹਿਬ ਲਿਖਵਾਇਆ, ਉਸ ਦਾ ਨਾਉਂ ਦਸਵੇਂ ਪਾਤਸ਼ਾਹ ਦਾ ਗ੍ਰੰਥ ਸਾਹਿਬ ਹੋਇਆ, ਪਰ ਪ੍ਰਸਿੱਧ ਨਾਉਂ ਦਮਦਮੇ ਵਾਲੀ ਬੀੜ ਹੈ, ਇਸ ਵਿਚ ਜੈਜਾਵੰਤੀ ਸਮੇਤ ੩੧ ਰਾਗ ਹਨ........."

"ਇਹ ਦਮਦਮੇ ਵਾਲੀ ਜਿਲਦ ਸੰਮਤ ੧੮੧੮ ਵਿਚ ਕੁੱਪਰਹੀੜੇ ਦੇ ਜੰਗ 'ਵਡੇ ਘੱਲੂਘਾਰੇ' ਵਿਚ ਖਾਲਸਾ ਦਲ ਦੇ ਹੱਥੋਂ ਜਾਂਦੀ ਰਹੀ, ਪਰ ਇਸ ਤੋਂ ਪਹਿਲਾਂ ਇਸ ਦੀਆਂ ਬਹੁਤ ਕਾਪੀਆਂ ਹੋ ਚੁਕੀਆਂ ਸਨ।......."

"ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ ਸੰਮਤ ੧੭੬੫ ਬਿ: ਤੋਂ ਲਾਉਣਾ ਆਰੰਭ ਹੋਇਆ, ਜਿਸ ਵੇਲੇ ਅਬਿਚਲ ਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਸਿਖ ਧਰਮ ਦੇ ਆਧਾਰ ਰੂਪ ਗ੍ਰੰਥ ਨੂੰ ਦਿਤੀ।"
(ਗੁਰੁਸ਼ਬਦ ਰਤਨਾਕਰ, ਮਹਾਨ ਕੋਸ਼, ਪੰਨਾ-੪੩੭)

੧੦. ਗੁਰੂ ਗ੍ਰੰਥ ਸਾਹਿਬ, ਜਦੋਂ ਪਾਤਸ਼ਾਹੀਆਂ ਦੇ ਸਰੂਪ ਹਨ, ਗੁਰਤਾ ਗੱਦੀ ਪਰ ਵਿਰਾਜਮਾਨ ਹਨ, ਖਾਲਸੇ ਦੇ ਗੁਰੂ ਹਨ ਤੇ ਖਾਲਸੇ ਨੂੰ ਇਸਦਾ ਗੁਰੂ ਸਰੂਪ ਵਿਚ ਵੇਖਣਾ ਤੇ ਸਤਿਕਾਰਨਾ ਸਿਖੀ ਦੀ

ਸਨਮੁਖਤਾ ਹੈ, ਕਵੀ ਸੰਤੋਖ ਸਿੰਘ ਜੀ ਤੋਂ ਭਾਵੇਂ ਦਮਦਮੇ ਬੀੜ ਰਚੀ ਜਾਣ ਦਾ ਪ੍ਰਸੰਗ ਰਹਿ ਗਿਆ ਹੈ ਪਰ ਸਿਖੀ ਦੀ ਇਸ ਭਾਵਨਾਂ ਦੇ ਓਹ ਜਾਣਕਾਰ, ਪੈਰੋਕਾਰ ਤੇ ਖ਼ੁਦ ਪ੍ਰਚਾਰਕ ਸਨ, ਆਪ ਲਿਖਦੇ ਹਨ:-

**"ਸ੍ਰੀ ਗੁਰ ਕੇਰ ਸਰੀਰ ਜੁਊ ਸਭ ਥਾਨ ਸਮੈ ਸਭਿ ਨ ਦਰਸੈ ਹੈ।**
**ਗ੍ਰਿੰਥ ਰਿਦਾ ਗੁਰਕੋ ਇਹ ਜਾਨਹੁ ਉਤਮ ਹੈ ਸਭ ਕਾਲ ਰਹੈ ਹੈ।**
**ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨ ਅਦਾਇਬ ਕੈਹੈ।**
**ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇਕੈ ਫੂਲ ਚਢੈ ਹੈ।੫।**
**.....ਬੇਦ ਪੁਰਾਨ ਮਹਾਨ ਮਹਾਤਮ ਜਾਂਹਿ ਬਖਾਨ ਕਰਹਿੰ ਸਮੁਦਾਏ।**
**ਅੰਤ ਨ ਪਾਵਤ ਸ਼ੇਸ਼ ਨ ਸਾਰਦ ਨੇਤ ਹੀ ਨੇਤ ਅਸ਼ੇਸ਼ ਬਤਾਏ।**
**ਜੋ ਸਰਬੋਤਮ ਜੋ ਸਰਬਾਸ੍ਰਯ ਤਾਂਹੀ ਕੇ ਨਾਮ ਇਸੀ ਮਹਿ ਗਾਏ।**
**ਨਾਮ ਸੁ ਨਾਮੀ ਕੋ ਭੇਦ ਨਹੀਂ ਇਹ ਮੂਰਤ ਸ੍ਰੀ ਕਰਤਾਰ ਸੁਹਾਏ॥**
**੮॥"** (ਸੂ:ਪ੍ਰ:)

੧੧. ਇਸੇ ਤਰ੍ਹਾਂ ਬੰਸਾਵਲੀ ਨਾਮੇ ਦੇ ਲੇਖਕ ਭਾਈ ਕੇਸਰ ਸਿੰਘ ਛਿਬਰ ਜੀ ਬੀ ਕਹਿੰਦੇ ਹਨ ਕਿ ਸਾਡਾ ਗੁਰੂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ਼ਟ ਭਾਵਨਾ ਸਿਖੀ ਦੀ ਸਨਮੁਖਤਾ ਹੈ, ਸਿਖੀ ਦੇ ਘਰ ਰਲਣ ਦੀ ਪੱਕੀ ਨਿਸ਼ਾਨੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਨਾ ਮੰਨਣਾ ਬੇਮੁਖਤਾ ਹੈ:-

**"ਜੋ ਗ੍ਰੰਥ ਸਾਹਿਬ ਜੀ ਤੇ ਮੁੜੇ।**
**ਨਿਸਚੇ ਸੋਈ ਜਾਨੋ ਰੁੜੇ।**
**ਸਿੰਘ ਕੇਸਰ ਛਿਬਰ ਕੀਆ ਬਖਾਨੋ।**
**ਮੇਰੀ ਆਖੀ ਰਤੀ ਨ ਮਾਨੇ।**
**ਗੁਰ ਕਹਿਆ ਸਾ ਕਾਰ ਕਮਾਵੋ।**
**ਜੇ ਕਰ ਗੁਰੂ ਕੇ ਸਿਖ ਅਖਾਵਹੁ।**
**ਆਜ ਕੇ ਸਮੇ ਗ੍ਰੰਥ ਸਾਹਿਬ ਹੈ ਗੁਰੂ ਹਮਾਰਾ।**
**ਆਗੈ ਦਸਵਾਂ ਪਾਤਸ਼ਾਹ ਲਾਇ ਬੈਠਤ ਦਰਬਾਰਾ।**

ਜੋ ਸੰਕਾ ਹੋਤੀ ਸਭ ਪੁਛ ਲੇਤੇ।
ਅਬ ਤਿਨ ਕੇ ਆਸਨ 'ਗੁਰੂ ਗ੍ਰੰਥ ਜੀ' ਉਤਰ ਹੈਂ ਦੇਤੇ।
ਬੇਮੁਖਾਂ ਦੀ ਹਕੀਕਤ ਬਚਿਤ੍ਰ ਨਾਟਕ ਦੇ ਧਿਆਇ ਤੇਰ੍ਹਵੇਂ ਹੈ ਕਹੀ।
ਸੋ ਅਬ ਜੋ ਗ੍ਰੰਥ ਜੀ ਨਾ ਮੰਨੇ ਸੋ ਬੇਮੁਖ ਪੱਕਾ ਹੈ ਸਹੀ।
... ... ਗੁਰੂ ਕਾ ਸਿਖ ਪੱਕਾ ਜਾਨੋ ਸੋਈ।
ਗ੍ਰੰਥ ਬਚਨ ਸਤਿ ਕਰ ਮਾਨੇ ਜੋ ਕੋਈ॥
'ਗ੍ਰੰਥ ਗੁਰੂ' ਦੇ ਕਹੇ ਜੋ ਚਲੇਗਾ।
ਸੋਈ ਗੁਰੂ ਕੇ ਘਰ ਸਿੱਖੀ ਰਲੇਗਾ॥"
(ਖਾਲਸਾ ਸਮਾਚਾਰ ੧੩ ਦਸੰਬਰ, ੧੯੫੬ 'ਚੋਂ)

## ੮.

# ਆਦਿ ਬੀੜ ਤੇ ਦਮਦਮੀ ਬੀੜ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪੰਚਮ ਪਾਤਸ਼ਾਹ ਨੇ ਪਹਿਲੇ ਚਾਰੋਂ ਗੁਰੂ ਸਾਹਿਬਾਂ ਦੀ ਤੇ ਆਪਣੀ ਬਾਣੀ ਨੂੰ ਇਕੱਤ੍ਰ ਕਰਨ ਤੇ ਸੰਚਤ ਕਰਨ ਦਾ ਉਦਮ ਕੀਤਾ। ਇਹ ਪਵਿਤ੍ਰ ਕਾਰਜ ਆਪ ਨੇ ਸ੍ਰੀ ਅੰਮ੍ਰਿਤਸਰ ਵਿਖੇ, ਜਿਥੇ ਹੁਣ ਗੁਰਦੁਆਰਾ ਸ੍ਰੀ ਰਾਮਸਰ ਸ਼ੋਭ ਰਿਹਾ, ਸੰਪੂਰਣ ਕੀਤਾ। ਪੰਜਾਂ ਹੀ ਸਤਿਗੁਰਾਂ ਦੀ ਪਾਵਨ ਬਾਣੀ ਦੇ ਨਾਲ ਆਪ ਜੀ ਨੇ ਭਗਤੀ ਮਾਰਗ ਦੇ ਪ੍ਰਮੁਖ ਭਗਤਾਂ, ਭੱਟਾਂ ਦੀ ਬਾਣੀ ਬੀ ਆਪਣੇ ਇਸ ਸੰਚਯ ਵਿਚ ਸੰਚਤ ਕੀਤੀ ਤੇ ਇਹ ਕਾਰਜ ਭਾਦਰੋਂ ਵਦੀ ਏਕਮ ਸੰਮਤ ੧੬੬੧ ਬਿ. ਨੂੰ ਸਮਾਪਤ ਹੋਇਆ। ਸਤਿਗੁਰੂ ਜੀ ਦੀ ਤਿਆਰ ਕੀਤੀ ਤੇ ਪ੍ਰਮੁੱਖ ਲਿਖਾਰੀ ਭਾਈ ਗੁਰਦਾਸ ਜੀ ਦੀ ਹੱਥੀਂ ਲਿਖੀ ਗਈ ਇਹ ਅਮੁੱਲ ਬੀੜ ਇਸ ਵੇਲੇ ਸ੍ਰੀ ਕਰਤਾਰ ਪੁਰ ਸਾਹਿਬ ਵਿਰਾਜਮਾਨ ਹੈ। ਇਸ ਨੂੰ 'ਪਾਵਨ ਆਦਿ ਬੀੜ' ਕਿਹਾ ਜਾਂਦਾ ਹੈ। ਆਦਿ ਬੀੜ ਤੋਂ ਪਹਿਲਾ ਉਤਾਰਾ ਮਾਂਗਟ ਵਾਸੀ ਮਾਨ ਯੋਗ ਗੁਰ ਸਿਖ ਭਾਈ ਬੰਨੋ ਸਾਹਿਬ ਜੀ ਨੇ ਕਰਾਇਆ, ਪਰ ਇਨ੍ਹਾਂ ਨੇ ਓਹ ਕੁਝ ਬਾਣੀਆਂ ਜੋ ਪੰਚਮ ਪਾਤਸ਼ਾਹ ਜੀ ਨੇ ਆਪਣੀ ਤਿਆਰ ਕੀਤੀ ਪਾਵਨ ਬੀੜ ਵਿਚ ਨਹੀਂ ਸੀ ਚਾੜ੍ਹੀਆਂ, ਆਪ ਵਧਾ ਲਈਆਂ ਅਤੇ ਉਹ ਸ਼ਬਦ ਜਿਨ੍ਹਾਂ ਦੀਆਂ ਇਕ ਇਕ ਦੋ ਦੋ ਤੁਕਾਂ ਹੀ ਪੰਚਮ ਪਾਤਸ਼ਾਹ ਜੀ ਨੇ ਆਦਿ ਬੀੜ ਵਿਚ ਪ੍ਰਵਾਣ ਕੀਤੀਆਂ ਸਨ, ਭਾਈ ਬੰਨੋ ਸਾਹਿਬ ਨੇ ਨਕਲ ਕਰਨ ਸਮੇਂ ਤਾਂ ਭਾਵੇਂ ਇਕ ਇਕ ਦੋ ਦੋ ਤੁਕਾਂ ਹੀ ਲਿਖ ਲਿਖਾ ਲਈਆਂ ਸਨ ਪਰ ਮਗਰੋਂ ਉਹ ਸ਼ਬਦ ਆਪਣੀ ਤਿਆਰ ਕਰਾਈ ਬੀੜ ਦੇ ਹਾਸ਼ੀਏ ਤੇ ਲਿਖ ਕੇ ਮੁਕੰਮਲ ਕਰ ਲਏ। ਬਾਣੀ ਜੋ ਉਨ੍ਹਾਂ ਨੇ ਪੰਚਮ ਪਾਤਸ਼ਾਹ ਜੀ ਦੇ ਸਮੇਂ ਹੀ ਵਧਾ ਲਈ ਸੀ ਉਸ ਵਾਧੇ ਕਰਨ ਨੂੰ ਸਤਿਗੁਰੂ

ਜੀ ਨੇ ਪ੍ਰਵਾਨਗੀ ਦੀ ਨਜ਼ਰ ਨਾਲ ਨਾ ਸੀ ਡਿਠਾ ਤੇ ਕਹਿ ਦਿਤਾ ਸੀ ਕਿ ਸਾਡੀ ਤਿਆਰ ਕੀਤੀ ਬੀੜ ਵਿਚ ਕੋਈ ਐਸਾ ਵਾਧਾ ਘਾਟਾ ਨਾ ਕਰੇ।

ਅਸੀਂ ਦੱਸ ਚੁਕੇ ਹਾਂ ਕਿ ਪਵਿਤ੍ਰ ਆਦਿ ਬੀੜ ਐਸੇ ਵਾਯੂ ਮੰਡਲ ਵਿਚ ਰਹੀ ਕਿ ਇਸ ਦਾ ਉਤਾਰਾ ਫਿਰ ਕੋਈ ਨਾਂ ਹੋ ਸਕਿਆ, ਪਰ ਭਾਈ ਬੰਨੋ ਸਾਹਿਬ ਵਾਲੀ ਬੀੜ ਦੇ ਉਤਾਰੇ ਤੇ ਉਤਾਰਿਆਂ ਦੇ ਉਤਾਰੇ ਬੇਸ਼ੁਮਾਰ ਹੋਏ। ਇਹੀ ਵਜਾ ਹੈ ਕਿ ਅੱਜ ਜਿੰਨੀਆਂ ਬੀੜਾਂ ਪੁਰਾਤਨ ਲਿਖਤੀ ਮਿਲਦੀਆਂ ਹਨ ਉਹਨਾ ਵਿਚ ਬਹੁਤ ਸਾਰੀਆਂ ਭਾਈ ਬੰਨੋ ਸਾਹਿਬ ਦੀ ਬੀੜ ਦੀਆਂ ਨਕਲਾਂ ਹੀ ਹਨ। ਭਾਈ ਬੰਨੋ ਸਾਹਿਬ ਦੀ ਬੀੜ ਸੈਂਕੜੇ ਤੇ ਹਜ਼ਾਰਾਂ ਲਿਖਾਰੀਆਂ ਦੀ ਕਲਮੀ ਸੇਵਾ ਦਾ ਕੇਂਦ੍ਰ ਬਣੀ ਰਹੀ। ਲਿਖਾਰੀਆਂ ਨੇ ਉਤਾਰਿਆਂ ਵੇਲੇ ਅਨੇਕ ਤਰ੍ਹਾਂ ਦੀਆਂ ਤਬਦੀਲੀਆਂ ਨਿਜ ਬੁਧੀ ਅਨੁਸਾਰ ਇਸ ਪਵਿਤ੍ਰ ਬੀੜ ਵਿਚ ਕਰ ਦਿਤੀਆਂ। ਇਨ੍ਹਾਂ ਤਬਦੀਲੀਆਂ ਦੇ ਜੇ ਵੇਰਵੇ ਖੋਜਣ ਲਗੀਏ ਤਾਂ ਇਕ ਵੱਖਰਾ ਵਿਸ਼ਾ ਚਲ ਪੈਂਦਾ ਹੈ, ਪਰ ਮੁਕਦੀ ਗਲ ਇਹ ਕਿ ਇਸ ਬੀੜ ਦਾ ਇਕ ਰੂਪ ਨਾਂ ਰਿਹਾ ਸਗੋਂ ਅਨੇਕ ਰੂਪ ਹੋ ਗਏ।

ਭਾਵੇਂ ਲੇਖਕਾਂ ਨੇ ਲਿਖਿਆ ਹੈ ਕਿ ਸ੍ਰੀ ਧੀਰਮਲ ਜੀ ਦੇ ਆਦਿ ਬੀੜ ਕਲਗੀਧਰ ਪਾਤਸ਼ਾਹ ਜੀ ਨੂੰ ਨਾ ਦੇਣ ਤੇ ਅਤੇ ਇਹ ਕਹਿਣ ਤੇ ਕਿ ਜੇ ਆਪ ਸੰਪੂਰਣ ਗੁਰੂ ਹੋ ਤਾਂ ਬੀੜ ਦਾ ਸੰਪੂਰਣ ਰੂਪ ਵੀ ਆਪ ਰਚ ਲਓ, ਤਦ ਗੁਰੂ ਜੀ ਨੇ ਸਮਾਂ ਪਾਕੇ ਦਮਦਮੇ ਸਾਹਿਬ ਦਮਦਮੀ ਬੀੜ ਰਚੀ; ਪਰ ਹੋ ਸਕਦਾ ਹੈ ਕਿ ਭਾਈ ਬੰਨੋ ਜੀ ਦੀ ਬੀੜ ਦੇ ਅਨੇਕ ਰੂਪਤਾ ਵਿਚ ਪ੍ਰਵਿਰਤ ਸਰੂਪਾਂ ਨੂੰ ਪੰਥਕ ਜਥੇਬੰਦੀ ਲਈ ਦਰੁਸਤ ਨਾ ਖਿਆਲਕੇ ਬੀ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਜੰਗਾਂ ਜੁੱਧਾਂ ਤੋਂ ਵਿਹਲੇ ਹੋਕੇ ਸ੍ਰੀ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ (ਜ਼ਿਲਾ ਬਠਿੰਡਾ) ਵਿਚ ਪੁੱਜ ਕੇ ਪਵਿਤ੍ਰ ਆਦਿ ਬੀੜ ਦੇ ਆਧਾਰ ਤੇ ਪਾਵਨ ਬੀੜ ਦਾ 'ਇਕ ਸਰੂਪ' ਅਤੇ ਉਹ ਬੀ ਅੰਤਮ ਸੰਪੂਰਣ ਸਰੂਪ, ਤਿਆਰ ਕਰਨ ਦਾ ਕਾਰਜ ਆਰੰਭਿਆ

ਹੋਵੇ। ਪਵਿਤ੍ਰ ਆਦਿ ਬੀੜ ਦੇ ਆਧਾਰ ਤੇ ਆਪ ਨੇ ਇਸ ਬੀੜ ਦੀ ਲਿਖਾਈ ਭਾਈ ਮਨੀ ਸਿੰਘ ਜੀ ਪਾਸੋਂ ਕਰਵਾਈ। ਆਪ ਸਤਿਗੁਰੁ ਸੇ, ਸਰਵ ਕਲਾ ਸਮਰੱਥ, ਗੁਰੂ ਨਾਨਕ ਦੀ ਗੱਦੀ ਦੇ ਮਾਲਕ, ਆਪ ਨੇ ਆਪਣੇ ਪੰਜਵੇਂ ਜਾਮੇ ਰਚੀ ਬੀੜ ਦਾ ਅੰਤਮ ਸਰੂਪ ਸਿਰਜਣ ਸਮੇਂ ਆਦਿ ਬੀੜ ਦੀ ਸਮੱਗ੍ਰ ਬਾਣੀ ਲੈਕੇ ਆਪਣੇ ਪੂਜਨੀਕ ਪਿਤਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ੁਧ ਸਰੂਪ ਵਿਚ ਉਸ ਵਿਚ ਵਧਾਈ। ਆਦਿ ਬੀੜ ਨਾਲੋਂ ਕੁਝ ਪਾਠਾਂਤ੍ਰ ਭੇਦ ਤੇ ਹੋਰ ਜੋ ਮੁਨਾਸਬ ਭੇਦ ਖਿਆਲੇ ਕਰਕੇ ੧੭੬੨-੬੩ ਵਿਚ ਆਦਿ ਬੀੜ ਦਾ ਇਹ ਅੰਤਮ ਸਰੂਪ ਤਿਆਰ ਕੀਤਾ ਤੇ ਇਸੇ ਪਵਿਤ੍ਰ ਬੀੜ ਨੂੰ ਆਪਣੇ ਜੋਤੀ ਜੋਤਿ ਸਮਾਉਣ ਸਮੇਂ ਨਾਂਦੇੜ ਵਿਚ ਗੁਰਤਾ ਗੱਦੀ ਤੇ ਸਥਾਪਨ ਕਰ ਦਿਤਾ ਅਤੇ ਪੰਥ ਨੂੰ ਹੁਕਮ ਦਿਤਾ ਕਿ ਅਗੋਂ ਜੁਗੋ ਜੁਗ ਲਈ ਖਾਲਸੇ ਦਾ ਸਤਿਗੁਰੂ ਇਹੋ ਪਾਵਨ ਬੀੜ ਹੋਵੇਗੀ, ਤੁਸਾਂ ਇਸੇ ਨੂੰ ਦਸੋਂ ਸਤਿਗੁਰਾਂ ਦੀ ਦੇਹ, ਪ੍ਰਗਟ ਗੁਰੂ ਮੰਨਣਾ, ਇਸੇ ਨੂੰ ਰਾਹਨੁਮਾ ਜਾਨਣਾ ਤੇ ਇਸੇ ਦੀ ਆਗਜਾ ਵਿਚ ਟੁਰਨਾ। ਪਿਛਲੇ ਲੇਖ ਵਿਚ ਇਤਿਹਾਸਕਾਰਾਂ ਦੇ ਹਵਾਲੇ ਦੇਕੇ ਅਸੀਂ ਦੱਸ ਚੁਕੇ ਹਾਂ ਕਿ ਇਹੋ ਪਵਿਤ੍ਰ 'ਦਮਦਮੀ ਬੀੜ' ਪ੍ਰਸਿੱਧ ਹੋਈ।

ਸਤਿਗੁਰੂ ਜੀ ਦੇ ਇਸ ਪਾਵਨ ਬੀੜ ਨੂੰ ਗੁਰਤਾ ਗੱਦੀ ਪਰ ਸਥਾਪਨ ਤੋਂ ਉਪ੍ਰੰਤ ਇਸੇ ਪਾਵਨ ਬੀੜ ਦੇ ਉਤਾਰੇ ਹੋਣੇ ਸ਼ੁਰੂ ਹੋਏ ਤੇ ਇਸੇ ਦਾ ਪ੍ਰਚਾਰ ਹੋਇਆ। ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਇਸੇ ਪਵਿਤ੍ਰ ਬੀੜ ਦੇ ਚਾਰ ਉਤਾਰੇ ਕਰਵਾਕੇ ਚਹੁੰਹਾਂ ਤਖਤ ਸਾਹਿਬਾਂ ਪਰ ਭਿਜਵਾਏ, ਤਾਕਿ ਦੂਰ ਦੂਰ ਕੇਂਦ੍ਰੀ ਅਸਥਾਨਾਂ ਤੇ ਇਕ ਇਕ ਬੀੜ ਪੁਜਕੇ ਅਗੋਂ ਇਸ ਦੇ ਉਤਾਰੇ ਸੌਖ ਨਾਲ ਹੋ ਸਕਣ ਤੇ ਪੰਥ ਵਿਚ ਇਸੇ ਬੀੜ ਦਾ 'ਇਕ ਸਰੂਪ' ਪ੍ਰਚਾਰ ਪਾਵੇ ਤੇ ਪੰਥ ਇਸੇ ਦੇ ਝੰਡੇ ਹੇਠ ਆਪਣੀ ਜਥੇਬੰਦੀ ਨੂੰ ਏਕਤਾ ਵਿਚ ਪਰੋਤੀ ਰਖੇ।

ਕਲਗੀਧਰ ਪਾਤਸ਼ਾਹ ਜੀ ਨੇ ਪਵਿਤ੍ਰ ਆਦਿ ਬੀੜ ਨੂੰ ਆਪਣੇ ਦਮਦਮੀ ਸਰੂਪ ਵਿਚ ਉਤਾਰਨ ਸਮੇਂ, ਛੁਟ ਉਨ੍ਹਾਂ ਪਾਠਾਂਤ੍ਰ ਭੇਦਾਂ ਦੇ ਜੋ

ਉਨ੍ਹਾਂ ਨੇ ਸਮਰਥ ਸਤਿਗੁਰੂ ਹੋਣ ਦੀ ਹੈਸੀਅਤ ਵਿਚ ਕੀਤੇ, ਬਾਕੀ ਬੀੜ ਨੂੰ ਬੜੀ ਬਾਰੀਕੀ ਵਿਚ ਤਕੀਏ ਤਾਂ, ਹੂਬਹੂ ਉਤਾਰਿਆ ਸਹੀ ਹੁੰਦਾ ਹੈ। ਜਿਵੇਂ ਕਿ ਤੱਕੋ ਬਸੰਤ ਰਾਗ ਵਿਚ ਮਹਲਾ ੧ ਦੀ ਘਰੁ ੨ ਦੀ ਬਾਣੀ ਦਾ ਸਿਰਲੇਖ, ਜੋ ਪਵਿਤ੍ਰ ਆਦਿ ਬੀੜ ਵਿਚ ਐਉਂ ਹੈ- 'ਮਹਲਾ ੧ ਬਸੰਤੁ ਹਿੰਡੋਲ ਘਰੁ ੨'। ਕਲਗੀਧਰ ਪਾਤਸ਼ਾਹ ਨੇ ਇਸ ਸਿਰਲੇਖ ਨੂੰ ਬੀ ਇਸੇ ਤਰ੍ਹਾਂ ਹੀ ਦਮਦਮੀ ਬੀੜ ਵਿਚ ਗ੍ਰਹਣ ਕੀਤਾ ਹੈ। ਭਾਵੇਂ ਆਮ ਸਿਰਲੇਖਾਂ ਵਿਚ ਰਾਗ ਦਾ ਨਾਮ ਪਹਿਲੇ ਤੇ ਮਹਲਾ ਪਿਛੋਂ ਆਉਂਦਾ ਹੈ, ਜਿਵੇਂ ਕਿ 'ਆਸਾ ਮਹਲਾ ੧' ਤੇ 'ਮਹਲਾ ੧ ਆਸਾ' ਕਿਤੇ ਨਹੀਂ ਆਇਆ; ਪਰ ਸ੍ਰੀ ਕਲਗੀਧਰ ਜੀ ਨੇ ਇਸ ਸਿਰਲੇਖ ਨੂੰ ਉਸੇ ਸਰੂਪ ਵਿਚ 'ਮਹਲਾ ੧ ਬਸੰਤ ਹਿੰਡੋਲ' ਰਖਿਆ ਹੈ ਤੇ ਅਗੇ ਪਿਛੇ ਨਹੀਂ ਕੀਤਾ। ਇਉਂ ਸ੍ਰੀ ਕਰਤਾਰਪੁਰ ਵਾਲੀ ਪਵਿਤ੍ਰ ਆਦਿ ਬੀੜ ਤੇ ਦਮਦਮੀ ਬੀੜ ਦੋਵੇਂ ਆਮ ਤੌਰ ਤੇ ਪਰਸਪਰ ਇਕਸਾਰਤਾ ਵਿਚ ਚਲ ਰਹੀਆਂ ਹਨ ਤੇ ਕੋਈ ਖਾਸ ਫਰਕ, ਛੁਟ ਪਾਠਾਂਤ੍ਰ ਭੇਦਾਂ ਦੇ, ਨਹੀਂ ਦਿੱਸਦਾ। ਪਰ ਸ਼੍ਰੋਮਣੀ ਕਮੇਟੀ ਨੇ ਜੋ ਬੀੜ ਬਲਾਕਾਂ ਰਾਹੀਂ ਛਾਪੀ ਹੈ, ਉਸ ਵਿਚ ਆਪਣੀ ਮਤ ਅਨੁਸਾਰ ਮੰਗਲਾਂ ਸਿਰਲੇਖਾਂ ਦੀ ਤਰਤੀਬ ਬਦਲ ਦਿਤੀ ਹੈ, ਇਹ ਬੜਾ ਅਨੁਚਿਤ ਕਾਰਜ ਕੀਤਾ ਹੈ। ਗੁਰੂ ਬਾਣੀ ਵਿਚ ਤਬਦੀਲੀਆਂ ਕਰਨੀਆਂ ਯਾ ਅਗੇ ਪਿਛੇ ਕਰਨਾ ਬਿਲਕੁਲ ਜਾਇਜ਼ ਨਹੀਂ। ਸਿਖ ਇਤਿਹਾਸ ਵਿਚ ਬਾਬਾ ਰਾਮ ਰਾਇ ਜੀ, ਭਾਈ ਮਨੀ ਸਿੰਘ ਜੀ ਦੀਆਂ ਇਤਿਹਾਸਿਕ ਘਟਨਾਵਾਂ ਗੁੱਝੀਆਂ ਛਿਪੀਆਂ ਨਹੀਂ, ਤੇ ਜਿਸ ਸਿਖ ਨੇ ਓਅੰਕਾਰ ਦੀ ਇਕ ਤੁਕ ਵਿਚ ਇਕ ਮਾਤ੍ਰਾ ਘੱਟ ਪੜ੍ਹਨੇ ਤੇ ਸਜ਼ਾ ਪਾਈ ਸੀ, ਉਸ ਦੀ ਸਾਖੀ ਬੀ ਮੌਜੂਦ ਹੈ। ਇਨ੍ਹਾਂ ਇਤਿਹਾਸਕ ਰਵਾਇਤਾਂ ਦੇ ਹੁੰਦਿਆਂ ਹੋਇਆਂ ਕੋਈ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੋਈ ਤਬਦੀਲੀ ਕਰਨ ਦਾ ਹੀਆ ਨਹੀਂ ਕਰ ਸਕਦਾ। (ਖਾ: ਸ: ੨੦ ਦਸੰਬਰ, ੧੯੫੬ 'ਚੋਂ)

## ੯.

# ਗੁਰਬਾਣੀ ਦਾ ਸੰਦੇਸ਼ ਅਤੇ ਜਾਤ-ਪਾਤ

ਅਸੀਂ ਸਿੱਖ ਹਾਂ, ਸਾਡਾ ਨਿਸਚਾ ਹੈ ਕਿ:-

**ਗੁਰੂ ਗ੍ਰੰਥ ਕਲਿਯੁਗ ਭਯੋ ਸ੍ਰੀ ਗੁਰੂ ਰੂਪ ਮਹਾਨ।**
**ਦਸ ਪਾਤਸ਼ਾਹੀ ਰੂਪ ਇਹ ਗੁਰੂ ਗ੍ਰੰਥ ਜਿਯ ਜਾਨ।**
**ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।**
**ਬਾਤ ਕਰਨ ਗੁਰ ਸੌਂ ਚਹੈ ਪੜ੍ਹੈ ਗ੍ਰੰਥ ਮਨ ਲਾਇ।**

(ਗੁਰ ਬਿਲਾਸ ਪਾ:੬)

ਤਾਂਤੇ ਆਓ ਇਸ ਗੱਲ ਦੇ ਨਬੇੜੇ ਲਈ ਕਿ ਅਛੂਤ ਜਾਤੀਆਂ ਸਿੱਖਾਂ ਵਿਚ ਕੀ ਦਰਜਾ ਰੱਖਦੀਆਂ ਹਨ, ਇਸ ਪ੍ਰਸ਼ਨ ਦਾ ਉਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਢੂੰਡੀਏ।

ਗੁਰਬਾਣੀ ਕਹਿੰਦੀ ਹੈ:-

**ਏਕ ਪਿਤਾ ਏਕਸ ਕੇ ਹਮ ਬਾਰਕ॥**

(ਸੋਰਠ ਮ.੫, ਪੰਨਾ-੬੧੧)

ਮਨੁਖ ਮਾਤ੍ਰ ਦਾ ਪਿਤਾ ਇਕ ਹੈ, ਅਸੀਂ ਸਬ ਉਸ ਦੇ ਬਾਰਕ ਹਾਂ, ਜਿਸਤੋਂ ਆਪਸ ਵਿਚ ਭਾਈ ਭਾਈ ਹਾਂ।

ਸ੍ਰੀ ਗੁਰੂ ਕਲਗੀਧਰ ਜੀ ਫੁਰਮਾਂਦੇ ਹਨ-

**"ਕੋਊ ਭਯੋ ਮੂੰਡੀਆ ਸੰਨਜਾਸੀ ਕੋਊ ਜੋਗੀ ਭਯੋ,**
**ਭਯੋ ਬ੍ਰਹਮਚਾਰੀ ਕੋਊ ਯਤੀ ਅਨੁਮਾਨਯੋ।**
**ਹਿੰਦੂ ਤੁਰਕ ਕੋਊ, ਰਾਫਜ਼ੀ ਇਮਾਮ ਸਾਫੀ**
**ਮਾਨੁਸ ਕੀ ਜਾਤ, ਸਭੈ ਏਕੈ ਪਹਚਾਨਬੋ।**

**ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ**
**ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ।**
**ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,**
**ਏਕ ਹੀ ਸਰੂਪ ਸਭੈ ਏਕੈ ਜੋਤ ਜਾਨਬੋ।"**

ਇਹ ਬਾਣੀ ਦੱਸਦੀ ਹੈ ਕਿ "ਮਾਨੁਸ ਕੀ ਜਾਤ" ਮਨੁਖ ਮਾਤਰ ਦੀ ਜਾਤ ਇਕ ਪਛਾਣੋ, ਸਭ ਦਾ ਇਕ ਸਰੂਪ ਵੇਖੋ ਤੇ ਸਾਰਿਆਂ ਵਿਚ ਇਕ ਜੋਤ ਜਾਣੋਂ।

ਗੁਰੂ ਘਰ ਵਿਚ ਊਚ ਤੇ ਨੀਚ ਕੌਣ ਹੈ, ਉਸਦੀ ਬਾਬਤ ਕਹਿੰਦੇ ਹਨ:-

**"ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥**
**ਬਿਨੁ ਨਾਵੈ ਸਭ ਨੀਚ ਜਾਤ ਹੈ ਬਿਸਟਾ ਕਾ ਕੀੜਾ ਹੋਇ॥**
(ਆਸਾ ਮ:੩,ਅਸ਼ਟ ੩੦, ਪੰਨਾ-੪੨੬)

**"ਖਸਮੁ ਵਿਸਾਰਹਿ ਤੇ ਕਮਜਾਤਿ।"**
(ਆਸਾ ਮ:੧, ਪੰਨਾ-੧੦)

ਹਿੰਦੂਆਂ ਵਿਚ ਜਨਮ ਤੋਂ ਜੋ ਜਾਤੀ ਮੰਨੀ ਜਾਂਦੀ ਹੈ, ਉਸਦੀ ਬਾਬਤ ਕਹਿੰਦੇ ਹਨ:

**"ਫਕੜ ਜਾਤੀ ਫਕੜੁ ਨਾਉਂ।**
**ਸਭਨਾ ਜੀਆਂ ਇਕਾ ਛਾਉਂ॥"**
(ਸਿਰੀ ਰਾਗ ਵਾਰ-੩, ਪੰਨਾ-੮੩)

ਫਿਰ ਫੁਰਮਾਂਦੇ ਹਨ ਕਿ:-

**"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥"**
(ਆਸਾ ਮ:੧, ਪੰਨਾ-੩੪੯)

ਇਸਦਾ ਸਪਸ਼ਟ ਭਾਵ ਇਹ ਹੈ ਕਿ ਸਭ ਇਕ ਜੋਤ ਜਾਣੋ, ਜਨਮ ਤੋਂ ਜੋ ਜਾਤੀਆਂ ਪਾਈਆਂ ਗਈਆਂ ਹਨ ਇਹਨਾਂ ਬਾਬਤ ਨਾਂ ਪੁਛੋ

ਕਿ ਤੂੰ ਕਿਸ ਜਾਤੀ ਦਾ ਹੈਂ, ਕਿਉਂਕਿ ਵਾਹਿਗੁਰੂ ਦੇ ਘਰ ਵਿਚ ਇਸ ਜਨਮ ਤੋਂ ਮਨੀਂ ਗਈ ਜਾਤੀ ਦੀ ਕੋਈ ਥਾਉਂ ਨਹੀਂ, ਫਿਰ ਹੋਰ ਵੀ ਸਪਸ਼ਟ ਕਰਕੇ ਦੱਸਦੇ ਹਨ ਕਿ-

**"ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥"**
(ਪ੍ਰਭਾਤੀ ਮ:੧, ਪੰਨਾ-੧੩੩੦)

ਜਨਮ ਤੋਂ ਜਾਤੀ ਨਹੀਂ ਪੁਛੀ ਜਾਏਗੀ।

ਹੁਣ ਪ੍ਰਸ਼ਨ ਹੋਂਦਾ ਹੈ ਕਿ ਜਨਮ ਤੋਂ ਜਾਤਿ ਮੰਨਣ ਦੀ ਜਗਾ ਜੇ ਕਰਮ ਤੋਂ ਜਾਤਿ ਮੰਨ ਲਈ ਜਾਏ, ਤਦ ਕਰਮਾਂ ਕਰਕੇ ਜੋ ਨੀਚ ਜਾਤੀ ਬਣ ਗਈ ਹੈ, ਉਸਦੀ ਬਾਬਤ ਗੁਰਬਾਣੀ ਕੀ ਦੱਸਦੀ ਹੈ?

**"ਨੀਚ ਜਾਤਿ ਹਰਿ ਜਪਤਿਆ ਊਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਓਤਰਿਆ ਘਰ ਜਿਸੁ ਜਾਇ॥ ਹਰ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ॥੧॥ਰਹਾਉ॥**

**ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥੨॥**

**ਨਾਮ ਦੇਆ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ ਖੱਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥**

**ਜਿਤਨੇ ਭਗਤਿ ਹਰਿ ਸੇਵਕਾ ਮੁਖ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥ ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿਰਾਇ॥੪॥੧॥੮॥"**

(ਸੂਹੀ ਮ:੪, ਪੰਨਾ-੭੩੩)

ਪੁਨਾ:-

**ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪ੍ਰਧਾਨੁ॥ ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ॥੩॥"**

(ਗੋਂਡ.ਮ.੪, ਪੰਨਾ-੮੬੧)

**ਪਤਿਤ ਪਵਿਤ੍ਰ ਲੀਏ ਕਰ ਅਪੁਨੇ ਸਗਲ ਕਰਤ ਨਮਸਕਾਰੋ॥
ਬਰਨੁ ਜਾਤਿ ਕੋਊ ਪੂਛੈ ਨਾਹੀਂ ਬਾਛਹਿ ਚਰਨ ਰਵਾਰੋ॥**

(ਗੁਜਰੀ ਮ:੫, ਪੰਨਾ-੪੯੮)

**"ਕੇਸਰ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਨਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੨॥
ਘਿਅ ਪਟ ਭਾਂਡਾ ਕਹੈ ਨ ਕੋਇ॥
ਐਸਾ ਭਗਤਿ ਵਰਨ ਮਹਿ ਹੋਇ॥**

(ਤਿਲੰਗ ਮ:੧, ਪੰਨਾ-੭੨੧)

ਇਹ ਵਾਕ ਦਸਦੇ ਹਨ ਕਿ ਜਨਮ ਤੋਂ ਗਿਣੀ ਗਈ ਜਾਤੀ ਜਾਂ ਕਰਮ ਤੋਂ ਬਣੀ ਜਾਤੀ ਦੇ ਵਿਚੋਂ ਕੋਈ ਆਦਮੀ, ਜੋ ਆਪਣੇ ਆਪਨੂੰ ਸੰਭਾਲੇ, ਆਪਣੇ ਸੁਧਾਰ ਲਈ ਯਤਨ ਕਰੇ ਤਦ ਉਸਦੇ ਲਈ ਸੁਧਰਨ ਦੇ ਦਰਵਾਜੇ ਬੰਦ ਨਹੀਂ ਹਨ, ਉਸ ਲਈ ਉਠਣ ਦੀ ਮਨਾਹੀ ਨਹੀਂ ਹੈ, ਉਸ ਵਲ ਵਾਹਿਗੁਰੂ ਦੀ ਪਿਠ ਨਹੀਂ ਹੈ, ਕੋਈ ਵੀ ਤੇ ਕਦੇ ਵੀ ਗੁਰੂ ਦੀ ਸ਼ਰਨ ਆਵੇ ਉਹਨਾਂ "ਪਤਿਤਾਂ ਨੂੰ" ਪਵਿਤਰ ਕਰਕੇ ਵਾਹਿਗੁਰੂ ਆਪਣੇ ਕਰ ਲੈਂਦਾ ਹੈ। ਫਿਰ ਉਹਨਾਂ ਤੋਂ ਕੋਈ ਵਰਨ ਨਹੀਂ ਪੁਛਦਾ, ਆਪ ਕਿਸ ਜਾਤੀ ਵਿਚੋਂ ਹੋ? ਇਹ ਪ੍ਰਸ਼ਨ ਉਹਨਾਂ ਤੇ ਕੋਈ ਨਹੀਂ ਕਰਦਾ, ਉਹਨਾਂ ਨੂੰ "ਸਗਲ" ਤਮਾਮ ਲੋਕੀ ਨਮਸ਼ਕਾਰਾਂ ਕਰਦੇ ਹਨ, ਉਹਨਾਂ ਦੇ ਅਗੇ ਅਦਬ ਨਾਲ ਝੁਕਦੇ ਹਨ ਤੇ ਉਹਨਾਂ ਦੇ ਚਰਨਾਂ ਦੀ ਧੂੜੀ ਮੰਗਦੇ ਹਨ, ਦ੍ਰਿਸ਼ਟਾਂਤ ਦੇਕੇ ਗੁਰੂ ਜੀ ਕਹਿੰਦੇ ਹਨ ਕਿ ਜਿਕਣ ਚੰਦਨ ਦੇ ਨਿਕਟ

ਵਾਸੀ ਹਰੰਡੀ ਵਿਚ ਵੀ ਸੁਗੰਧੀ ਆ ਜਾਂਦੀ ਹੈ ਇਸੇ ਤਰ੍ਹਾਂ ਸਤ ਸੰਗਤ ਵਿਚ ਪਤਿਤ ਮਿਲਕੇ "ਪ੍ਰਵਾਨ" ਹੋ ਜਾਂਦੇ ਹਨ, ਪ੍ਰਵਾਨ ਹੀ ਕਿਉਂ ਨੀਚ ਜਾਤਾਂ ਦੇ ਹਰਿ ਨੂੰ ਜਪਦਿਆਂ ਉਤਮ ਪਦਵੀ ਪਾ ਜਾਂਦੇ ਹਨ, ਤੇ ਚਾਰ ਵਰਨ ਚਾਰ ਆਸ਼ਰਮਾਂ ਵਿਚੋਂ ਜੋ ਹਰਿ ਨੂੰ ਧਿਆਵਹ ਉਹ ਪ੍ਰਧਾਨ, ਮੋਹਰੀ ਹੋ ਜਾਂਦਾ ਹੈ, ਦੁਨਯਾਂਦਾਰ ਖਿਆਲ ਕਰਦੇ ਹਨ ਕਿ ਤੀਰਥਾਂ ਤੇ ਜਾਣ ਨਾਲ ਪਾਪ ਬਖਸ਼ੇ ਜਾਂਦੇ ਹਨ, ਪ੍ਰੰਤੂ ਗੁਰਬਾਣੀ ਕਹਿੰਦੀ ਹੈ ਕਿ:-

**"ਅਠਸਠਿ ਤੀਰਥ ਤਿਸੁ ਸੰਗਿ ਰਹਹਿ**
**ਜਿਨ ਹਿਰਦੈ ਰਹਿਆ ਸਮਾਇ॥੪॥"**
(ਗੂਜ:ਮ.੩, ਪੰਨਾ-੪੯੧)

ਗੁਰਬਾਣੀ ਦੇ ਉਪ੍ਰੋਕਤ ਵਾਕਾਂ ਨੂੰ ਗਹੁ ਨਾਲ ਵੇਖਣ ਤੇ ਵਿਚਾਰਨ ਤੋਂ ਪਤਾ ਲਗ ਜਾਂਦਾ ਹੈ ਕਿ ਜਨਮ ਤੋਂ ਜਾਤੀ ਮੰਨਣਾ ਭੁਲ ਹੈ। ਇਸ ਤਰ੍ਹਾਂ ਦੀ ਜਾਤੀ ਵੰਡ ਗੁਰੂ ਘਰ ਵਿਚ ਅਪਰਵਾਨ ਹੈ, ਵਾਹਿਗੁਰੂ ਦੀ ਦਰਗਾਹ ਵਿਚ ਇਸਦੀ ਕੋਈ ਥਾਉਂ ਨਹੀਂ, ਗੁਰਬਾਣੀ ਮਨੁੱਖ ਮਾਤਰ ਦੀ ਇਕ ਜਾਤਿ ਮੰਨਦੀ ਹੈ ਤੇ ਮਨੁੱਖ ਮਾਤਰ ਨੂੰ ਇਕ ਦਰਜਾ ਦੇਂਦੀ ਹੈ। ਜੋ ਆਦਮੀ ਜੇਹੇ ਕੰਮ ਕਰਦਾ ਹੈ ਉਹੋ ਜਿਹਾ ਹੋ ਜਾਂਦਾ ਹੈ। ਜਿਸ ਤਰ੍ਹਾਂ ਇਕ ਆਦਮੀ ਮੰਦੇ ਕਰਮ ਕਰਕੇ ਨੀਚ ਬਣ ਸਕਦਾ ਹੈ। ਇਸੇ ਤਰ੍ਹਾਂ ਉਹ ਗਜਾਤ ਹੋ ਜਾਣ ਤੇ ਚੰਗੇ ਕਰਮ ਕਰਕੇ ਊਚ ਵੀ ਬਣ ਸਕਦਾ ਹੈ। ਇਕ ਵਾਰੀ ਨੀਚ ਕਰਮ ਕਰਕੇ ਨੀਚ ਬਣ ਗਏ ਤੇ ਓਹਨਾਂ ਦੀ ਸੰਤਾਨ ਜੋ ਕਿਆਮਤ ਦੇ ਦਿਨਾਂ ਤਕ ਹੁੰਦੀ ਰਹੇਗੀ ਅਛੂਤ ਪੁਣੇ ਦਾ ਪਟਾ ਓਸਦੇ ਗਲੇ ਵਿਚ ਨਹੀਂ ਪਾ ਦਿਤਾ ਗਿਆ ਤੇ ਨਾਂ ਹੀ ਜਿਨ੍ਹਾਂ ਚੰਗੇ ਕਰਮ ਕੀਤੇ ਹਨ ਉਹਨਾਂ ਦੀ ਸੰਤਾਨ ਨੂੰ ਸਦਾ ਲਈ ਊਚ ਦੀ ਪਦਵੀ ਦੇ ਦਿਤੀ ਗਈ ਹੈ। ਜੋ ਆਦਮੀ ਜਦ ਤਕ ਚੰਗੇ ਕਰਮ ਕਰਦਾ ਹੈ ਉਸ ਵੇਲੇ ਤਕ ਊਚ ਹੈ। ਜੋ ਮੰਦੇ ਕਰਦਾ ਹੈ, ਮੰਦੇ ਕਰਦੇ ਰਹਿਣ ਤਕ ਨੀਚ ਹੈ। ਪ੍ਰੰਤੂ ਜਿਸ ਵੇਲੇ ਹੀ ਕਿ ਇਹ ਆਪਣੇ ਇਨ੍ਹਾਂ ਕਰਮਾਂ ਨੂੰ ਬਦਲ ਦੇਣ ਉਹਨਾਂ

ਦੀਆਂ ਇਹ ਊਚ ਨੀਚ ਦੀਆਂ ਉਪਾਧੀਆਂ ਵੀ ਬਦਲ ਜਾਣਗੀਆਂ। ਉਹਨਾਂ ਦੀ ਪੋਜ਼ੀਸ਼ਨ ਬਦਲ ਜਾਏਗੀ, ਉਹਨਾਂ ਦਾ ਦਰਜਾ ਬਦਲ ਜਾਏਗਾ।

ਡਾਕਟਰ ਬੀਮਾਰਾਂ ਨੂੰ ਅਰੋਗ ਕਰਨ ਲਈ ਹੁੰਦੇ ਹਨ, ਜੇ ਕਦੀ ਜੋ ਆਦਮੀ ਇਕ ਵਾਰ ਬੀਮਾਰ ਹੋ ਜਾਏ ਉਸਨੇ ਮੁੜਕੇ ਅਰੋਗ ਨਾ ਹੋਣਾ ਹੋਵੇ ਤਦ ਡਾਕਟਰ ਦੀ ਲੋੜ ਹੀ ਨਹੀਂ ਰਹਿੰਦੀ, ਇਸੇ ਤਰ੍ਹਾਂ ਆਤਮਕ ਬੀਮਾਰਾਂ ਦੇ ਇਲਾਜ ਲਈ ਗੁਰੂ ਰੂਪੀ ਡਾਕਟਰ ਦੇ ਸੰਸਾਰ ਵਿਚ ਭੇਜਣ ਦੀ ਲੋੜ ਪਈ ਸੀ। ਜੇ ਕਦੀ ਜੋ ਆਤਮਕ ਅਵਸਥਾ ਵਿਚ ਇਕ ਵੇਰ ਰੋਗੀ ਹੋ ਗਏ ਹਨ, ਜਾਂ ਜਿਨ੍ਹਾਂ ਆਪਣੀ ਸੰਸਾਰਕ ਅਵਸਥਾ ਇਕ ਵੇਰ ਵਿਗਾੜ ਲਈ ਹੈ ਉਹਨਾਂ ਦਾ ਫਿਰ ਸੁਧਾਰ ਅਸੰਭਵ ਸਮਝਿਆ ਜਾਏ ਤਦ ਗੁਰੂ ਦੀ ਸੰਸਾਰ ਵਿਚ ਆਉਣ ਦੀ ਲੋੜ ਹੀ ਨਹੀਂ ਰਹਿੰਦੀ, ਜਿਕੁਣ ਡਾਕਟਰ ਬੀਮਾਰਾਂ ਨੂੰ ਦਵਾਈ ਦੇਕੇ ਉਹਨਾਂ ਨੂੰ ਅਰੋਗ ਕਰ ਦੇਂਦਾ ਹੈ। ਇਸੇ ਤਰ੍ਹਾਂ ਗੁਰੂ ਮੁਰਦਿਆਂ ਨੂੰ ਬਚਾਂਦਾ, ਢਠਿਆਂ ਨੂੰ ਉਠਾਂਦਾ, ਨੀਚਾਂ ਨੂੰ ਊਚ ਬਣਾਂਦਾ ਤੇ ਪਤਿਤਾਂ ਨੂੰ ਪਵਿਤ੍ਰ ਕਰਦਾ ਹੋਇਆ ਡੰਕੇ ਦੀ ਚੋਟ ਕਹਿੰਦਾ ਹੈ:-

**"ਅਰਪੁਨ ਕੈਹਤ ਸਗਰ ਸੰਸਾਰਾ**
**ਨਾਮ ਗਰੀਬ ਨਿਵਾਜ ਹਮਾਰਾ**
**ਸੋ ਅਬ ਸਫਲਾ ਕਰ ਦਿਖਰਾਊ**
**ਸਬ ਲਘਅਨ ਕੋ ਬੜੋ ਬਨਾਊ"**

(ਲੋਹ ਪ੍ਰਕਾਸ਼)

ਤੇ ਇਸ ਤਰ੍ਹਾਂ ਨੀਚਾਂ ਨੂੰ ਊਚ ਬਣਦਾ ਵੇਖ ਨੀਚ ਕਹਿ ਉਠਦੇ ਹਨ ਕਿ:-

**"ਐਸੀ ਲਾਲ ਤੁਝ ਬਿਨੁ ਕਉਨੁ ਕਰੈ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥੧॥ਰਹਾਉ॥**

ਜਾਕੀ ਛੋਤਿ ਜਗੱਤ ਕਉ ਲਾਗੈ ਤਾ ਪਰ ਤੁਹੀਂ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥ ਨਾਮ ਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥ ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥ ੨॥੧॥" (ਮਾਰੂ ਰਵਿ: ਪੰਨਾ-੧੧੦੬)

(ਖਾਲਸਾ ਸਮਾਚਾਰ ੨੮ ਅਕਤੂਬਰ ੧੯੨੦ 'ਚੋਂ)

## ੧੦.

# ਗੁਰਬਾਣੀ ਇਸੁ ਜਗ ਮਹਿ ਚਾਨਣੁ

**ਗਿਆਨੀ** ਸਾਨੂੰ ਗੁਮਰਾਹ ਕਰਦੇ ਹਨ। ਅਸੀਂ ਉਨ੍ਹਾਂ ਦੇ ਉਪਦੇਸ਼ ਹੇਠ ਆਪਣੇ ਆਪ ਨੂੰ ਬ੍ਰਹਮ ਬਨਾਉਣਾ ਚਾਹੁੰਦੇ ਹਾਂ। ਪਰ ਇਹ ਗ਼ਲਤ ਹੈ। ਅਸਾਂ ਉਸ ਨਾਲ ਮਿਲਾਪ ਪ੍ਰਾਪਤ ਕਰਨਾ ਹੈ।

ਜਿਸ ਦੇ ਅੰਦਰ ਸਿਮਰਨ ਹੈ, ਉਸਨੂੰ ਵਾਹਿਗੁਰੂ ਦਾ ਮਿਲਾਪ ਹੈ ਉਹ ਮੁਕਤ ਹੈ। ਵਾਹਿਗੁਰੂ ਨੂੰ ਅਸੀਂ ਸਥੂਲ ਦੇਖ ਨਹੀਂ ਸਕਦੇ। ਦ੍ਰਿਸ਼ਟਾ ਪਦ ਵਿਚ ਹੋਕੇ ਪ੍ਰਤੀਤ ਕਰ ਸਕਦੇ ਹਾਂ। ਸਾਰੇ ਪਦਾਰਥ ਜਿਨ੍ਹਾਂ ਨੂੰ ਅਸੀਂ ਦੇਖ ਸਕਦੇ ਹਾਂ ਓਹ ਬਿਨਸਨਹਾਰ ਹਨ। ਵਾਹਿਗੁਰੂ ਬਿਨਸਨਹਾਰ ਨਹੀਂ। ਇਸ ਵਾਸਤੇ ਅਸੀਂ ਉਸ ਨੂੰ ਕਿਵੇਂ ਦੇਖ ਸਕਦੇ ਹਾਂ? ਅਸੀਂ ਆਪਣੀ ਨਿਗਾਹ ਨਾਲ ਹੋਰਨਾਂ ਨੂੰ ਦੇਖਦੇ ਹਾਂ ਪਰ ਆਪਣੀ ਨਿਗਾਹ ਨੂੰ ਕਦੀ ਨਹੀਂ ਵੇਖਿਆ। ਫ਼ਰਕ ਅਸੀਂ ਇਹ ਜਾਣਦੇ ਹਾਂ ਕਿ ਸਾਡੀ ਨਿਗਾਹ ਹੈ।

ਜੀਵਨ ਦਾ ਲਾਹਾ ਸਿਮਰਨ ਹੈ। ਸਿਮਰਨ ਦੀ ਕੋਈ ਕੀਮਤ ਨਹੀਂ ਪਾ ਸਕਦਾ। ਇਸ ਦੀ ਕੀਮਤ ਮਰ ਕੇ ਫੇਰ ਪਤਾ ਲਗੇਗੀ। ਜਿਨ੍ਹਾਂ ਨੇ ਸਿਮਰਨ ਨਹੀਂ ਕੀਤਾ ਉਹ ਮਰ ਕੇ ਪਛੁਤਾਉਣਗੇ ਤੇ ਜਿਨ੍ਹਾਂ ਨੇ ਸਿਮਰਨ ਕੀਤਾ ਹੈ, ਉਹ ਵੀ ਪਛੁਤਾਉਣਗੇ, ਕਿਉਂ? ਇਸ ਲਈ ਕਿ ਜਦ ਇਸ ਦੀ ਕੀਮਤ ਦਾ ਪਤਾ ਲੱਗੇਗਾ, ਕਿ ਇਹ ਮਹਾਨ ਕੀਮਤੀ ਤੇ ਅਮੋਲਕ ਸ਼ੈ ਹੈ, ਉਹ ਕਹਿਣਗੇ, ਜੇ ਸਿਮਰਨ ਦੀ ਏਡੀ ਕੀਮਤ ਸੀ ਤਾਂ ਅਸਾਂ ਹੋਰ ਸਿਮਰਨ ਕਿਉਂ ਨਾ ਕੀਤਾ।

ਸਿਮਰਨ ਪਹਿਲਾਂ ਮੈਲ ਕੱਟਦਾ ਹੈ। ਇਸ ਵਾਸਤੇ ਇਸ ਵਿਚ ਪਹਿਲੇ ਦਿਲ ਨਹੀਂ ਲੱਗਦਾ। ਜਦ ਮਨ ਨਿਰਮਲ ਹੋ ਜਾਂਦਾ

ਹੈ ਤਾਂ ਸਿਮਰਨ ਵਿਚ ਰਸ ਆਉਣ ਲੱਗਦਾ ਹੈ ਤੇ ਛੱਡਣ ਨੂੰ ਜੀ ਨਹੀਂ ਕਰਦਾ।

ਜੇਹੜੇ ਪੰਜ ਮਿੰਟ ਵੀ ਰੋਜ਼ ਸਿਮਰਨ ਕਰਦੇ ਹਨ; ਯਾ ਕਰਨਗੇ, ਉਨ੍ਹਾਂ ਨੂੰ ਵੀ ਦਰਗਾਹ ਵਿਚ ਸੋਹਣਾ ਸੁਖ ਮਿਲੇਗਾ।

ਮਿਸਟ੍ਰ ਸਟੈਡ, ਐਡੀਟਰ, 'ਰਿਵਿਊ ਔਫ ਰੀਵਿਊਜ਼' ਨੇ ਕੁਝ ਸਾਲ ਹੋਏ ਇਕ ਕਿਤਾਬ ਲੈਟਰਜ਼ ਆਫ ਜੂਲੀਆ ਛਾਪੀ ਸੀ। ਇਹ ਬੜਾ ਨਾਮੀ ਆਦਮੀ ਹੋਇਆ ਹੈ। ਜਿਸ ਨੇ ਇਕ ਡੁੱਬਦੇ ਜਹਾਜ਼ ਵਿਚ ਆਪਣੇ ਆਪ ਨੂੰ ਪਹਿਲਾਂ ਬਚਾਉਣ ਤੋਂ ਇਨਕਾਰ ਕਰ ਦਿੱਤਾ ਸੀ, ਤੇ ਕਿਹਾ ਸੀ ਕਿ ਇਸਤ੍ਰੀਆਂ ਤੇ ਬੱਚਿਆਂ ਨੂੰ ਪਹਿਲੇ ਬਚਾਓ, ਉਨ੍ਹਾਂ ਦਾ ਹੱਕ ਪਹਿਲਾਂ ਹੈ ਬਚਣ ਦਾ। ਇਸ ਕਿਤਾਬ ਵਿਚ ਉਸ ਨੇ ਆਪਣੀ ਪਰਲੋਕ ਗਾਮੀ ਭੈਣ ਤੋਂ ਮਿਲੀਆਂ ਕੁਝ ਚਿੱਠੀਆਂ ਛਾਪੀਆਂ ਹਨ। ਇਹ ਚਿੱਠੀਆਂ ਇਕ medium (ਜੋ ਰੂਹਾਂ ਨਾਲ ਗੱਲਬਾਤ ਕਰ ਸਕਦੀ ਸੀ) ਦੀ ਰਾਹੀਂ ਮਿਲੀਆਂ ਸਨ। ਇਨ੍ਹਾਂ ਚਿੱਠੀਆਂ ਵਿਚ ਉਸਦੀ ਭੈਣ ਜੂਲੀਆ ਨੇ ਲਿਖਿਆ ਹੈ ਕਿ ਜੇ ਤੂੰ ਦੁਨੀਆਂ ਵਿਚ ਰਹਿੰਦਿਆਂ ਪੰਜ ਮਿੰਟ ਵੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਹਰਿ ਰੋਜ਼ ਕਰ ਛੱਡੇਂਗਾ, ਤਾਂ ਜਦ ਇਥੇ ਪਰਲੋਕ ਵਿਚ ਆਵੇਂਗਾ ਤਾਂ ਤੂੰ ਵੇਖੇਂਗਾ ਕਿ ਤੇਰੇ ਲਈ ਕਾਫੀ ਪੂੰਜੀ ਜਮ੍ਹਾਂ ਹੋ ਗਈ ਹੋਵੇਗੀ, ਇਹ ਤੈਨੂੰ ਪ੍ਰਲੋਕ ਵਿਚ ਸੁੱਖ ਦੇਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਹੁਕਮ ਦਿਤਾ ਹੈ, ਕਿ ਸਿਮਰਨ ਕਰੋ।

**"ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧਿ॥**
**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥"**
(ਸਲੋਕ ਕਬੀਰ ੨੩੨)

ਇਕ ਘੜੀ ੨੪ ਮਿੰਟ ਦੀ ਹੁੰਦੀ ਹੈ ਅੱਧੀ ਤੋਂ ਅੱਧੀ ਓਹੋ ਪੰਜ ਛੇ ਮਿੰਟ ਹੀ ਬਣਦੀ ਹੈ। ਭਾਵ ਹੈ ਘੱਟ ਤੋਂ ਘੱਟ ਸਮਾਂ ਨਾਮ ਜਪਿਆਂ ਵੀ ਮਹਾਂ ਫਲਦਾਇਕ ਹੈ।

**"ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥"**
(ਗਉੜੀ ਮ:੫, ਸੁਖਮਨੀ, ੧-੮)

ਜਦ ਅਸੀਂ ਵਾਹਿਗੁਰੂ ਦਾ ਨਾਮ ਸਿਮਰਦੇ ਹਾਂ, ਅਸੀਂ ਉਸ ਦੇ ਮਿਲਾਪ ਵਿਚ ਹੁੰਦੇ ਹਾਂ। ਕਈ ਕਹਿੰਦੇ ਹਨ ਕਿ ਨਾਮ ਜਪਣ ਵਿਚ ਮਨ ਨਹੀਂ ਲੱਗਦਾ, ਤੇ ਫੇਰ ਨਾਮ ਜਪਣਾਂ ਛੱਡ ਦਿੰਦੇ ਹਨ। ਇਹ ਬੜੀ ਭਾਰੀ ਭੁੱਲ ਹੈ।

ਮਾਂ ਬੱਚੇ ਨੂੰ ਗੋਦੀ ਵਿਚ ਲੈ ਕੇ ਉਸ ਨਾਲ ਪਿਆਰ ਦੀਆਂ ਗੱਲਾਂ ਕਰਦੀ ਹੈ। ਇਹ ਮਾਂ ਦੀਆਂ ਗੱਲਾਂ ਬੱਚੇ ਦਾ ਔਬਜੈਕਟਿਵ ਯਾ ਅਚੇਤ ਮਨ ਸੁਣਦਾ ਹੈ, ਤੇ ਇਹ ਗੱਲਾਂ ਉਸ ਵਿਚ ਰਚਦੀਆਂ ਰਹਿੰਦੀਆਂ ਹਨ। ਬੱਚਾ ਇਸ ਤਰ੍ਹਾਂ ਬੋਲਣਾ ਸਿੱਖਦਾ ਹੈ। ਜੇ ਮਾਂ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੇ, ਤਾਂ ਬੱਚਾ ਬੋਲਣਾ ਹੀ ਨਾ ਸਿਖ ਸਕੇ। ਇਸ ਤਰ੍ਹਾਂ ਜਦ ਅਸੀਂ ਨਾਮ ਜਪਦੇ ਹਾਂ ਤਾਂ ਉਹ ਸਾਡੇ ਅਚੇਤ ਮਨ ਵਿਚ ਸਿੰਜਰਦਾ ਰਹਿੰਦਾ ਹੈ। ਜਦ ਇਹ ਮਨ ਭਰਪੂਰ ਹੋ ਜਾਂਦਾ ਹੈ ਤਾਂ ਨਾਮ ਦਾ ਰਸ ਆਉਣ ਲੱਗ ਜਾਂਦਾ ਹੈ।

ਨਾਮ ਜਪਦੇ ਹੋਏ ਜੇ ਮਨ ਜ਼ਰਾ ਵੀ ਟਿਕ ਜਾਵੇ ਤਾਂ ਥੋੜੀ ਗੱਲ ਨਹੀਂ। ਮਨ ਪੂਰਾ ਵੱਸ ਤਦੋਂ ਆਉਂਦਾ ਹੈ, ਜਦ ਵਾਹਿਗੁਰੂ ਦੀ ਪੂਰਨ ਕ੍ਰਿਪਾਲਤਾ ਹੋਵੇ।

**"ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥"**
(ਥਿਤੀ ਗਉੜੀ ਮ:੫-੧੦, ਪੰਨਾ-੨੯੮)

ਸਾਨੂੰ, ਚਾਹੇ ਮਨ ਨਾ ਵੀ ਟਿਕੇ, ਨਾਮ ਜਪਣਾ ਛੱਡਣਾ ਨਹੀਂ ਚਾਹੀਦਾ। ਨਾਮ ਜਪਣ ਨਾਲ ਮਨ ਵਿਚ ਸੰਸਕਾਰ ਭਰਦੇ ਜਾਂਦੇ ਹਨ, ਤੇ ਫੇਰ ਨਾਮ ਸਹਿਜ ਸੁਭਾਵ ਹੋਣ ਵਾਲਾ ਹੋ ਜਾਂਦਾ ਹੈ।

ਮਨ ਤੇ ਸੰਗਤ ਦਾ ਅਸਰ ਬੀ ਹੁੰਦਾ ਹੈ। ਮਨ ਦਿਨ ਨੂੰ ਜੋ ਕੁਝ ਕਰੇਗਾ ਰਾਤ ਨੂੰ ਵੀ ਉਸੇ ਧਿਆਨ ਵਿਚ ਲੱਗਾ ਰਹਵੇਗਾ। ਜਿਸ ਤਰ੍ਹਾਂ

ਕਿ ਜੇ ਕੋਈ ਆਦਮੀ ਕਿਸੇ ਸੰਤ ਦੀ ਸੰਗਤ ਕਰੇ ਤੇ ਕੀਰਤਨ ਉਪਦੇਸ਼ ਸੁਣੇ ਤਾਂ ਰਾਤ ਨੂੰ ਉਸ ਨੂੰ ਸੁਪਨੇ ਬੀ ਸੰਤਾਂ ਦੇ ਅਤੇ ਸੰਗਤ ਦੇ ਆਉਣਗੇ, ਜੋ ਮੰਦ ਕਰਮੀਆਂ ਦੀ ਸੰਗਤ ਕਰੇਗਾ ਤਾਂ ਸੁਪਨੇ ਵੀ ਮੰਦੇ ਕਰਮਾਂ ਦੇ ਹੀ ਆਉਣਗੇ।

ਇਕ ਵੰਡ ਅਨੁਸਾਰ ਸਾਡੇ ਤਿੰਨ ਰਿਸ਼ਤੇ ਹਨ, ਇਕ ਗੁਰੂ ਨਾਲ, ਦੂਜਾ ਵਾਹਿਗੁਰੂ ਨਾਲ, ਤੀਜਾ ਆਪਣੇ ਆਪ ਨਾਲ। ਆਪਣੇ ਆਪ ਨਾਲ ਇਹ ਹੈ ਕਿ ਸਾਡਾ ਚਾਲ ਚਲਣ ਉੱਚਾ ਹੋਵੇ। ਸਜਾਤੀ ਨਾਲ ਸਜਾਤੀ ਮਿਲਦਾ ਹੈ। ਜਦ ਸਾਡੇ ਵਿਚ ਵਾਹਿਗੁਰੂ ਦੇ ਗੁਣ ਆ ਜਾਣਗੇ, ਤਾਂ ਅਸੀਂ ਉਸ ਵਿਚ ਮਿਲ ਸਕਾਂਗੇ। ਜਿਸ ਤਰ੍ਹਾਂ ਪਾਣੀ ਨਾਲ ਪਾਣੀ ਮਿਲਦਾ ਹੈ। ਪਾਣੀ ਨਾਲ ਪਾਰਾ ਨਹੀਂ ਮਿਲ ਸਕਦਾ। ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਚ ਗੰਦਾ ਪਾਣੀ ਨਹੀਂ ਪੈਂਦਾ। ਮਾਨ ਸਰੋਵਰ ਦਾ ਪਵਿੱਤਰ ਪਾਣੀ ਪਾ ਦੇਵੋ ਤਾਂ ਕੋਈ ਇਤਰਾਜ਼ ਨਹੀਂ ਕਰੇਗਾ। ਤ੍ਰੀਮਤ ਪਤੀਬ੍ਰਤਾ ਹੋਵੇ, ਤੇ ਆਦਮੀ ਇਸਤ੍ਰੀ ਬ੍ਰਤ ਕਰੇ ਤਾਂ ਦੋਨੋਂ ਉਚੇ ਚਾਲ ਚਲਣ ਦੇ ਹੋ ਕੇ ਸੰਤ ਬਨਣ ਤੇ ਸਤਿਸੰਗ ਬਨਾਉਣ। ਸਿਰ ਨੰਗੇ ਫਿਰ ਕੇ, ਜਾਂ ਮਰਦਾਂ ਨਾਲ ਕਲੱਬਾਂ ਵਿਚ ਜਾ ਕੇ ਔਰਤਾਂ ਸਿਰਫ ਕਾਮ ਹੀ ਪ੍ਰਚੰਡ ਕਰਦੀਆਂ ਹਨ, ਆਤਮਕ ਸ਼ਾਂਤੀ ਨਹੀਂ ਪ੍ਰਾਪਤ ਹੋ ਸਕਦੀ। ਬਾਣੀ ਤੇ ਨਾਮ ਨਾਲ ਵਾਹਿਗੁਰੂ ਦਾ ਪੱਕਾ ਮਿਲਾਪ ਹੁੰਦਾ ਹੈ। ਆਤਮਕ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਨਾਮ ਪਹਿਲਾਂ ਸਥੂਲ ਹੁੰਦਾ ਹੈ। ਫੇਰ ਸੂਖਮ ਹੋ ਜਾਂਦਾ ਹੈ। ਬਾਣੀ ਪੜ੍ਹਨ ਨਾਲ ਮਨ ਵਿਚ ਚਾਨਣ ਹੁੰਦਾ ਹੈ। ਆਦਮੀ ਮਨਮਤੀਆਂ ਦੇ ਕਹਿਣ ਕਹਾਣ ਵਿਚ ਨਹੀਂ ਫਸਦਾ:-

> **"ਗੁਰਬਾਣੀ ਇਸੁ ਜਗ ਮਹਿ ਚਾਨਣੁ**
> **ਕਰਮਿ ਵਸੈ ਮਨਿ ਆਏ॥"**
> (ਸਿਰੀ ਰਾਗ ਮ:੩, ਪੰਨਾ-੬੭)

ਕਈ ਕਹਿੰਦੇ ਹਨ ਕਿ ਵਾਹਿਗੁਰੂ ਵਾਹਿਗੁਰੂ ਕਰਨ ਦਾ ਕੀ ਫ਼ਾਇਦਾ ਹੈ। ਇਹ ਜੰਤ੍ਰਵਤ-ਬੁਧ ਰਹਿਤ ਰਟਨ ਹੈ। ਇਹ ਗੱਲ ਠੀਕ ਨਹੀਂ। ਤਿੱਬਤ ਦੇ ਲੋਕ ਇਕ ਗੋਲ ਡੱਬੇ ਜਿਹੇ ਵਿਚ ਆਪਣੇ ਇਸ਼ਟ ਦਾ ਨਾਮ ਲਿਖ ਕੇ ਪਾ ਦਿੰਦੇ ਹਨ ਤੇ ਫੇਰ ਉਸ ਨੂੰ ਇਕ ਡੰਡੇ ਤੇ ਚੜ੍ਹਾ ਕੇ ਹੱਥਾਂ ਨਾਲ ਘੁਮਾਂਦੇ ਰਹਿੰਦੇ ਹਨ। ਉਹ ਤਾਂ ਜੰਤ੍ਰਵਤ ਹੋ ਸਕਦਾ ਹੈ, ਪਰ ਸਾਡਾ 'ਵਾਹਿਗੁਰੂ, ਵਾਹਿਗੁਰੂ' ਕਰਨਾ ਕਦੇ ਜੰਤ੍ਰਵਤ ਨਹੀਂ ਹੋ ਸਕਦਾ। ਅਸੀਂ ਕੋਈ ਨਿਰਜਿੰਦ ਚੀਜ਼ ਨਹੀਂ ਹਾਂ। ਸਾਡੇ ਵਿਚ ਬੁੱਧੀ ਹੈ। ਵਾਹਿਗੁਰੂ ਵਾਹਿਗੁਰੂ ਕਰਨ ਦਾ ਸਾਡੇ ਮਨ ਤੇ ਹਰ ਹਾਲਤ ਵਿਚ ਅਸਰ ਹੁੰਦਾ ਹੈ।

**"ਸੁਣਿ ਮਾਛਿੰਦ੍ਰਾ ਨਾਨਕੁ ਬੋਲੈ**
**ਵਸਗਤਿ ਪੰਚ ਕਰੇ ਨਹ ਡੋਲੈ॥"**
(ਰਾਮਕਲੀ ਮ:੧-੫, ਪੰਨਾ-੮੭੭)

ਪੰਜਾਂ ਨੂੰ ਵੱਸ ਕਰੇ, ਜੇ ਉਨ੍ਹਾਂ ਵਿਚੋਂ ਕੋਈ ਇਕ ਕਦੇ ਗਲਬਾ ਪਾਵੇ ਤਾਂ ਡੋਲੇ ਨਾ, ਇਸ ਤਰ੍ਹਾਂ ਆਪਣਾ ਚਾਲ ਚਲਣ ਬਣਾਏ। ਪਿਛਲੇ ਸਮੇਂ ਦੇ ਸਿੱਖਾਂ ਦੇ ਚਾਲ ਚਲਣ ਤੇ ਸਚਾਈ ਅਤੇ ਸੱਚ ਦੀ ਦਾਦ ਦੁਸ਼ਮਨ ਬੀ ਦਿੰਦੇ ਸਨ। ਮੁਸਲਮਾਨ ਹਾਕਮ ਬੀ ਜੋ ਇਕ ਸਿੱਖ ਕਹੇ ਮੰਨਦੇ ਸਨ। ਤੇ ਜੇ ਕੋਈ ਮੁਸਲਮਾਨ ਉਸ ਦੇ ਬਰਖ਼ਿਲਾਫ਼ ਕਹਿਣ ਤਾਂ ਯਕੀਨ ਨਹੀਂ ਕਰਦੇ ਸਨ।

ਚਾਲ ਚਲਣ ਅੱਛਾ ਹੋਏਗਾ ਤਾਂ ਮਨ ਸਿਮਰਨ ਵਿਚ ਲੱਗੇਗਾ। ਪੰਜਾਂ ਨੂੰ ਵੱਸ ਕਰੋ, ਬਾਣੀ ਪੜ੍ਹੋ। ਇਸ ਨਾਲ ਗਿਆਨ ਦਾ ਪ੍ਰਕਾਸ਼ ਹੋਵੇਗਾ, ਤੇ ਫੇਰ ਨਾਮ ਜਪਣ ਨਾਲ ਨਾਮੀ ਵਿਚ ਸਮਾਈ ਹੋ ਜਾਏਗੀ। ਇਸ ਸ਼ਬਦ ਨਾਲ ਸਤਿਗੁਰੂ ਨਾਨਕ ਦੇਵ ਜੀ ਇਹੀ ਉਪਦੇਸ਼ ਕਰਦੇ ਹਨ। ਵਾਰਤਾਲਾਪ ਯੋਗੀ ਨਾਲ ਹੈ। ਇਸ ਵਾਸਤੇ ਉਸਦੇ ਯੋਗ ਦੀਆਂ ਯੁਕਤੀਆਂ ਵਰਤੀਆਂ ਹਨ।

ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ, ਇਹ ਪੂਰਾ ਹੈ। ਪੂਰਾ ਹੋਰ ਪੂਰਾ ਨਹੀਂ ਹੋ ਸਕਦਾ। ਜਿਸ ਤਰ੍ਹਾਂ ਇਕ ਚੱਕ੍ਰ ਦਾ ਘੇਰਾ ਹੋਰ ਗੋਲ ਨਹੀਂ ਹੋ ਸਕਦਾ। ਮੈਂ ਸਾਰੀਆਂ ਫ਼ਿਲਾਸਫ਼ੀਆਂ ਪੜ੍ਹੀਆਂ ਹਨ, ਤੇ ਬਹੁਤ ਖੋਜ ਕੀਤੀ ਹੈ, ਗੁਰੂ ਸਾਹਿਬਾਂ ਤੋਂ ਪਰੇ ਹੋਰ ਕੋਈ ਗੱਲ ਨਹੀਂ ਮਿਲੀ। ਹੁਣ ਜੋ ਮੈਂ ਕਹਿੰਦਾ ਹਾਂ, ਜਾਂ ਜੋ ਮੈਂ ਲਿਖਿਆ ਹੈ, ਸਿਰਫ ਗੁਰਬਾਣੀ ਦਾ ਟੀਕਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਰਬਾਣੀ ਨੂੰ ਪੜ੍ਹ ਕੇ ਤੇ ਨਾਮ ਸਿਮਰਨ ਨਾਲ ਸਾਰੇ ਸਵਾਲ ਖਤਮ ਹੋ ਜਾਂਦੇ ਹਨ। ਹਰ ਸਵਾਲ ਦਾ ਜਵਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹੈ।

**"ਗੁਰਬਾਣੀ ਇਸ ਜਗ ਮਹਿ ਚਾਨਣੁ**
**ਕਰਮ ਵਸੈ ਮਨਿ ਆਇ॥"**

(ਸਿਰੀ:ਮ: ੩, ਪੰਨਾ-੬੭)

(ਖਾ:ਸ: ੩੦ ਅਕਤੂਬਰ, ੨੦੦੮)

# ੧੧.
# ਮਹਾਂ ਪੁਰਖਾਂ ਦੇ ਸ੍ਰੀ ਗੁਰੂ ਗ੍ਰੰਥ ਬਾਰੇ ਵਿਚਾਰ

## ੧. ਡਾ: ਐਸ. ਰਾਧਾ ਕ੍ਰਿਸ਼ਨਨ*

"ਉਹ ਧਰਮ ਮੰਨਣ ਦੇ ਯੋਗ ਨਹੀਂ ਹੋ ਸਕਦਾ ਜਿਹੜਾ ਕੇਵਲ ਇਕ ਵਿਅਕਤੀ ਦੇ ਨਿਜੀ ਸੁਧਾਰ ਤਕ ਸੀਮਤ ਰਹੇ। ਸੁਸਾਇਟੀ ਦੇ ਉਧਾਰ ਲਈ ਕੋਈ ਧਰਮ ਕੀ ਉਪ੍ਰਾਲੇ ਦਸਦਾ ਹੈ, ਇਹ ਉਸ ਧਰਮ ਦੀ ਵਡਿਆਈ ਦਾ ਮਾਪ ਹੋਵੇਗਾ। ਇਸ ਲਿਹਾਜ਼ ਨਾਲ ਗੁਰੂ ਗਰੰਥ ਸਾਹਿਬ ਦਾ ਉਪਦੇਸ਼ ਉਚਾਈ ਦੀ ਸਿਖਰ ਤਕ ਪੁਜਦਾ ਹੈ।"

੨. ਸਵਰਗਵਾਸੀ ਨੋਬਲ ਪ੍ਰਾਈਜ਼ ਵਿਨਰ **ਮਿਸ ਪਰਲ ਬੱਕ** ਨੇ ਆਪਣੀ ਰਾਏ ਦਿੰਦਿਆਂ ਕਿਹਾ ਹੈ:-

"ਗੁਰੂ ਗਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਪੜ੍ਹ ਕੇ ਮੈਨੂੰ ਇਓਂ ਭਾਸਿਆ ਹੈ, ਜੋ ਇਹ ਧਰਮ ਇਸ਼ਟ ਮੈਨੂੰ ਮੇਰੇ ਜੀਵਨ ਅਤੇ ਮੇਰੀ ਮੌਤ ਦੀਆਂ ਵਿਚਾਰਾਂ ਦਸ ਰਿਹਾ ਹੈ। ਇਹ ਇਕ ਮਹਾਨ ਗਰੰਥ ਹੈ, ਜੋ ਸਮੇਂ ਅਤੇ ਦੇਸ਼ ਦੀਆਂ ਹੱਦਾਂ ਤੋਂ ਪਾਰ ਉਪਦੇਸ਼ ਦਿੰਦਾ ਹੈ। ਸਮਾਜਕ ਅਤੇ ਸਰੀਰਕ ਦੁਨਿਆਵੀ ਲੋੜਾਂ ਦੀ ਵੀ ਥਾਂ ਮੰਨੀ ਗਈ ਹੈ, ਪਰ ਨਾਲ ਹੀ ਅਨੁਭਵੀ ਆਤਮਾ ਦੀ ਤੜਪ ਅਤੇ ਆਪਣੇ ਸੋਮੇ ਨਾਲ ਅਭੇਦ ਹੋਣ ਦੀ ਲਾਲਸਾ ਤੇ ਵੀ ਜ਼ੋਰ ਦਿਤਾ ਗਿਆ ਹੈ, ਇਨ੍ਹਾਂ ਦੋਹਾਂ ਦਾ ਅਟੁੱਟ ਸਬੰਧ ਪ੍ਰਚਾਰਿਆ ਗਿਆ ਹੈ।"

ਮਿਸ ਪਰਲ ਬੱਕ ਨੇ ਤਾਂ ਇਹ ਵੀ ਲਿਖਿਆ ਹੈ ਕਿ: "ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਇਕ ਅਚੰਭੇ ਦੀ ਨਵੀਨਤਾ ਹੈ, ਜਿਸ ਨੇ

---

* ਡਾ. ਐਸ. ਰਾਧਾ ਕ੍ਰਿਸ਼ਨਨ ਅੰਤਰ-ਰਾਸ਼ਟ੍ਰੀਯ ਮਸ਼ਹੂਰ ਫ਼ਿਲਾਸਫ਼ਰ ਅਤੇ ਭਾਰਤ ਦੇ ਦੂਸਰੇ ਰਾਸ਼ਟਰਪਤਿ ਸਨ।

ਮੈਨੂੰ ਚਕ੍ਰਿਤ ਕਰ ਦਿਤਾ। ਇਹ ਬਾਣੀ ਸਾਰੇ ਸੰਸਾਰ ਲਈ ਸਾਂਝੀ ਹੈ। ਹਰ ਇਕ ਧਰਮ ਵਾਲੇ ਨੂੰ ਇਹ ਸੰਬੋਧਨ ਕਰਦੀ ਹੈ, ਹਰ ਮਨੁੱਖ ਦੇ ਦਿਲ ਨੂੰ ਟੁੰਬਦੀ ਹੈ ਅਤੇ ਇਕ ਮੁਤਲਾਸ਼ੀ ਮਨ ਨੂੰ ਉੱਤਰ ਦਿੰਦੀ ਹੈ।" ਮਿਸ ਪਰਲ ਬਕ ਤਾਂ ਹੈਰਾਨ ਹੋ ਕੇ ਸਵਾਲ ਕਰਦੀ ਹੈ, "ਜੇ ਗੁਰੂ ਸਾਹਿਬਾਨ ਅੱਜ ਦੇ ਸਮੇਂ ਫਿਰ ਆਉਣ ਅਤੇ ਸਾਰੀ ਸਾਇੰਸ ਦੀਆਂ ਕਾਢਾਂ ਤੋਂ ਵੀ ਵਾਕਫ਼ ਹੋਣ, ਫਿਰ ਜੇ ਉਹ ਆਪਣੀ ਬਾਣੀ ਲਿਖਣ ਲੱਗਣ, ਤਾਂ ਕੀ ਉਹ ਕੁਝ ਹੋਰ ਲਿਖਣਗੇ?" ਆਪ ਹੀ ਫਿਰ ਉਸ ਦਾ ਉਤਰ ਦੇਂਦੀ ਹੈ, ਕਿ "ਗੁਰੂ ਸਾਹਿਬਾਨ ਉਹੀ ਕੁਝ ਅੱਜ ਵੀ ਲਿਖਣਗੇ, ਜੋ ਉਸ ਵੇਲੇ ਲਿਖਿਆ ਸੀ।"

## ੩. ਡਨਕਨ ਗਰੀਨ ਲੈਸ ਲਿਖਦੇ ਹਨ ਕਿ:

"ਸਿਖੀ ਇਕ "ਰਹਿਣੀ" ਧਰਮ ਹੈ, ਜਿਹੜਾ ਮਨੁੱਖ ਨੂੰ ਆਪਣੇ ਨਿਸ਼ਾਨੇ ਤੇ ਲੈ ਜਾਣ ਲਈ ਸਿਧਾ ਰਸਤਾ ਦਸਦਾ ਹੈ, ਸਿੱਖ ਧਰਮ ਫੋਕੇ ਤਰਕ, ਵਿਵਾਦ ਅਤੇ ਫਜ਼ੂਲ ਦਲੀਲਾਂ ਦੇ ਬਖੇੜੇ ਵਿਚ ਨਹੀਂ ਪੈਂਦਾ।" ਉਸਨੇ ਲਿਖਿਆ ਹੈ, "ਜਿਤਨਾ ਹੀ ਮੈਂ ਗੁਰੂ ਗਰੰਥ ਸਾਹਿਬ ਦਾ ਅਧਿਐਨ ਕਰਨ ਵਿਚ ਅਗਾਂਹ ਵਧਦਾ ਗਿਆ, ਉਤਨਾ ਹੀ ਮੇਰਾ ਪਿਆਰ ਅਤੇ ਸਤਿਕਾਰ ਇਸ ਬਾਣੀ ਲਈ ਵਧਦਾ ਗਿਆ, ਸੰਸਾਰ ਦੇ ਧਰਮ ਗਰੰਥਾਂ ਵਿਚ ਸ਼ਾਇਦ ਹੀ ਹੋਰ ਕੋਈ ਅਜਿਹਾ ਗਰੰਥ ਹੋਵੇ, ਜੋ ਬਾਣੀ ਦੀ ਉਚਾਈ ਵਿਚ ਜਾਂ ਲਗਾਤਾਰ ਪ੍ਰੇਰਨਾ ਦੇਣ ਦੀ ਖੁਸ਼ੀ ਵਿਚ ਇਸ ਹੱਦ ਤਕ ਪੁਜਿਆ ਹੋਵੇ।"

## ੪. ਸ੍ਵਾਮੀ ਰਾਮ ਤੀਰਥ ਜੀ ਦੰਡੀ ਸਨਿਆਸੀ

"ਇਸ ਤੋਂ ਪਹਿਲਾਂ ਕਿ ਗੁਰੂ ਗਰੰਥ ਸਾਹਿਬ ਜੀ ਦੀ ਸਰਵੋਤਮਤਾ ਦਰਸਾਉਣ ਲਈ ਕੁਝ ਸੰਕੇਤ ਦਿਤੇ ਜਾਣ ਮੈਂ ਸਮੁਚੇ ਰੂਪ 'ਚ ਹੀ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਚਰਚਾ ਹੋ ਚੁਕੇ ਕੁਝ ਪ੍ਰਾਚੀਨ ਧਰਮ ਗ੍ਰੰਥਾਂ ਵਿਚ ਬਾਮ ਪੰਥੀ ਵਿਚਾਰਾਂ ਵਾਲੇ ਦੋਸ਼ਾਂ ਨੂੰ ਇਸ ਮਹਾਨ ਗਰੰਥ 'ਚ ਕੋਈ ਥਾਂ ਨਹੀਂ ਦਿਤੀ

ਗਈ; ਸਗੋਂ ਅਜਿਹੇ ਅਕਲਿਆਣਕਾਰੀ ਤੱਤਾਂ ਦੀ ਕਈ ਥਾਂ ਤਿੱਖੀ ਅਲੋਚਨਾ ਨਜ਼ਰੀਂ ਪੈਂਦੀ ਹੈ। ਇਹ ਮਹਾਂ ਕਲਿਆਣਕਾਰੀ ਬਾਣੀ ਹੈ, ਕਿਉਂਕਿ ਇਸ ਦਾ ਸਦਉਪਦੇਸ਼ ਮਨੁਖ ਜਾਤੀ ਦੇ ਕਿਸੇ ਇਕ ਵਰਗ ਲਈ ਨਹੀਂ ਸਗੋਂ ਸਮੂਹ ਮਾਨਵਤਾ ਲਈ ਹੈ, ਇਸ ਵਿਚ ਇਕ ਵਰਗ ਦੇ ਹਿਤ ਨੂੰ ਮੁਖ ਰਖ ਕੇ ਕੋਈ ਕਪਟ ਰੂਪ ਕਰਮ ਕਾਂਡ ਨਹੀਂ ਮਿਲਦਾ ਸਗੋਂ ਮਨੁੱਖੀ ਜੀਵਨ ਦੀ ਸਫ਼ਲ ਪੂਰਨਤਾ ਲਈ ਅਤਿ ਸੁਗਮ ਮਾਰਗ ਦਸਿਆ ਗਿਆ ਹੈ:-

**"ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ॥**
**ਹਸੰਦਿਆਂ ਖੇਲੰਦਿਆਂ ਪੈਨੰਦਿਆ**
**ਖਾਵੰਦਿਆ ਵਿਚੇ ਹੋਵੈ ਮੁਕਤਿ॥"**

{ਗੂਜ: ਵਾਰ, ਪੰਨਾ ੫੨੨}

ਜੇ ਇਹ ਕਹੀਏ ਕਿ ਇਸ ਇਕ ਨਿਕੇ ਜਿਹੇ ਅਧਿਆਇ ਵਿਚ ਇਸ ਵਿਸ਼ਾਲ ਗਿਆਨ ਸਾਗਰ ਦੀਆਂ ਸਾਰੀਆਂ ਪਰਉਪਕਾਰੀ ਲਹਿਰਾਂ 'ਤੇ ਝਾਤ ਪੁਆਈ ਜਾ ਸਕੇਗੀ, ਇਹ ਵੀ ਅਸੰਭਵ ਹੈ: ਕੇਵਲ ਸੰਖੇਪ ਯਤਨ ਇਹ ਹੈ ਕਿ ਇਸ ਮਹਾਂ ਵਾਣੀ ਦੇ ਤੱਤ ਰੂਪ ਗੁਰੂ ਮੰਤਰ ਜਾਂ ਮੂਲ ਮੰਤਰ ਦੀ ਵਿਆਖਿਆ ਕਰ ਦਿਤੀ ਜਾਵੇ ਤੇ ਉਹ ਖ਼ਾਮੀਆਂ ਜਿਨ੍ਹਾਂ ਦਾ ਉਲੇਖ ਪੁਰਾਣਾਂ ਤੇ ਸਿਮਰਤੀਆਂ 'ਚ ਹੋਇਆ ਹੈ ਉਨ੍ਹਾਂ ਬਾਰੇ ਗੁਰਮਤਿ ਕੀ ਹੈ, ਦੱਸ ਕੇ ਕੁਝ ਅਜਿਹੀਆਂ ਸ਼ੰਕਾਵਾਂ ਵੀ ਵਿਚਾਰੀਆਂ ਜਾਣ ਜਿਨ੍ਹਾਂ ਬਾਰੇ ਕਈ ਵਿਦਵਾਨ ਪਾਠਕ ਬਹਿਸਾਂ ਕਰਦੇ ਰਹਿੰਦੇ ਹਨ, ਤਾਂ ਜੋ ਇਹ ਚਰਚਾ ਗੁਰੂ-ਆਸ਼ੇ ਨੂੰ ਨਿਖਾਰ ਕੇ ਪਾਠਕਾਂ ਅਗੇ ਰੱਖਣ 'ਚ ਸਹਾਈ ਹੋਵੇ।

## ਗੁਰੂ ਮੰਤਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

***ਪਦ ਅਰਥ*** –

੧ = ਇਕੱਲਾ

ੴ = ਰਖਿਅਕ

ਸਤਿਨਾਮੁ = ਸੱਚਾ ਯਥਾਰਥ, ਪ੍ਰਮੁਖ, ਪ੍ਰਧਾਨ ਜਾਂ ਵੱਡਾ ਨਾਉਂ

ਕਰਤਾ = ਕਰਨ ਵਾਲਾ ਜਾਂ ਉਤਪਨ ਕਰਨ ਵਾਲਾ

ਪੁਰਖੁ = ਪੂਰਨ ਜਾਂ ਵਿਆਪਕ।

ਨਿਰਭਉ = ਭੈ ਰਹਿਤ ਜਾਂ ਬੇ-ਡਰ।

ਨਿਰਵੈਰ = ਵੈਰ ਰਹਿਤ-ਜਿਸਨੂੰ ਕਿਸੇ ਨਾਲ ਵੈਰ ਨ ਹੋਵੇ, ਦ੍ਵੈਸ਼ ਦੁਸ਼ਮਨੀ ਤੋਂ ਸਖਨਾ।

ਅਕਾਲ ਮੂਰਤ = ਉਹ ਹਸਤੀ ਜਿਸ ਦਾ ਕਾਲ ਜਾਂ ਮਿਰਤੂ ਨਾ ਹੋਵੇ।

ਅਜੂਨੀ = ਜੂਨਾਂ 'ਚ ਨਾ ਪੈਣ ਵਾਲਾ, ਜਨਮ ਰਹਿਤ ਜਾਂ ਅਜਨਮਾ

ਸੈਭੰ = ਆਪਣੇ ਆਪ ਤੋਂ ਆਪ ਪ੍ਰਕਾਸ਼ ਸਰੂਪ।

ਗੁਰ = ਮਹਾਨ ਜਾਂ ਪਰਮ

ਪ੍ਰਸਾਦਿ = ਸੁਖਰੂਪ, ਮੰਗਲਰੂਪ ਜਾਂ ਆਨੰਦਰੂਪ

***ਭਾਵ ਅਰਥ***= ਪਰਮਾਤਮਾ ਦਾ ਇਕ ੴ (ਓਂਕਾਰ) ਹੀ ਮੁਖ ਨਾਉ ਹੈ। ਗੁਰੂ ਗਰੰਥ ਸਾਹਿਬ ਜੀ ਵਿਚ ਥਾਂ ਥਾਂ '੧ੴ ਸਤਿਗੁਰ ਪ੍ਰਸਾਦਿ' ਮੰਤ੍ਰ ਰਾਹੀਂ 'ਓਂਕਾਰ' ਦਾ ਹੀ ਉਚਾਰਣ ਮਿਲਦਾ ਹੈ। ਵੇਦ ਆਦਿ ਧਰਮ ਗਰੰਥਾਂ ਵਿਚ ਵੀ 'ਓ' ਨੂੰ ਪ੍ਰਭੂ ਦਾ ਪ੍ਰਧਾਨ ਨਾਉਂ ਮੰਨਿਆ ਗਿਆ ਹੈ। ...ਤੇ ਇਹ ਓਂਕਾਰ ਨਾਂ ਵਾਲਾ ਬ੍ਰਹਮ ਸ੍ਰਿਸ਼ਟੀ ਦਾ ਕਰਤਾ ਹੈ, ਸਦਾ ਪੂਰਣ ਹੈ, ਭੈ ਵਿਹੀਣ, ਸੱਤਰੂ ਰਹਿਤ, ਅਮਰ, ਸਤਿਰੂਪ (ਅਜੂਨੀ), ਗਿਆਨਮਯ ਤੇ ਪਰਮ ਆਨੰਦ ਰੂਪ (ਗੁਰ ਪ੍ਰਸਾਦਿ) ਹੈ।.......

## ਜਾਤਿ ਪਾਤਿ ਜਾਂ ਊਚ ਨੀਚ

ਜਾਤਿ ਪਾਤਿ ਦੇ ਥੋਥੇ ਵਿਚਾਰ ਨੂੰ ਗੁਰਬਾਣੀ ਨੇ ਕਰੜੀ ਸੱਟ ਮਾਰੀ ਤੇ ਇਸ ਤਰ੍ਹਾਂ ਨਾਲ ਨਵਜਾਤੀ ਦੇ ਇਕ ਭਾਗ ਉਤੇ ਹੋ ਰਹੇ ਅੰਨ੍ਹੇ ਜ਼ੁਲਮ ਨੂੰ ਠੱਲ੍ਹ ਪਾਉਣ ਦਾ ਯਤਨ ਕੀਤਾ। ਗੁਰਦੇਵ ਨਾਨਕ ਨੇ ਆਪਣੇ ਆਪ ਨੂੰ ਨੀਵੇਂ ਵਰਗਾਂ ਦਾ ਹਮਸਾਇਆ, ਤੇ ਹਮਸਫ਼ਰ ਦਸਿਆ:

**"ਨੀਚਾ ਅੰਦਰਿ ਨੀਚ ਜਾਤਿ,**
**ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ,**
**ਵਡਿਆ ਸਿਉ ਕਿਆ ਰੀਸ॥"**

{ਸਿਰੀ ਰਾਗ, ਮਹਲਾ ੧, ਪੰਨਾ ੧੫}

ਤੇ ਜਾਤਿ ਪਾਤਿ ਨੂੰ ਜਨਮ ਦੇ ਅਧਾਰ 'ਤੇ ਨਾ ਮੰਨ ਕੇ ਚੰਗੇ ਤੇ ਮਾੜੇ ਕੰਮਾਂ ਦੇ ਆਧਾਰ 'ਤੇ ਮੰਨਣ ਦਾ ਸੰਕੇਤ ਕੀਤਾ:

**"ਜਾਤਿ ਜਨਮੁ ਨਹ ਪੂਛੀਐ, ਸਚ ਘਰ ਲੇਹੁ ਬਤਾਇ॥**
**ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ॥"**

{ਪ੍ਰਭਾਤੀ ਮਹਲਾ ੧, ਪੰਨਾ ੧੩੩੦}

ਕਬੀਰ ਜੀ ਨੇ ਕਿਹਾ:

**ਜਾਤਿ ਪਾਤਿ ਪੂਛੇ ਨਹੀਂ ਕੋਈ॥**
**ਹਰਿ ਕਉ ਭਜੇ ਸੋ ਹਰਿਕਾ ਹੋਈ॥**

ਤੇ ਹੰਕਾਰੀ ਬ੍ਰਾਹਮਣਾਂ ਤੋਂ ਪੁਛਿਆ:

**"ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥"**

{ਗਉ: ਕਬੀਰ, ਪੰਨਾ-੩੨੪}

## ਇਸਤਰੀ ਜਾਤੀ ਦੀ ਰਖਿਆ

ਜਿਵੇਂ ਗੁਰੂ ਗਰੰਥ ਸਾਹਿਬ ਜੀ ਨੇ ਨੀਵੀਆਂ ਜਾਤਾਂ ਨਾਲ ਧਰਮ ਗਰੰਥਾਂ ਰਾਹੀਂ ਕੀਤਾ ਜਾ ਰਿਹਾ ਅਨਿਆਂ ਰੋਕਿਆ ਇਵੇਂ ਇਸਤਰੀ ਜਾਤੀ ਦੇ ਹੱਕ 'ਚ ਵੀ ਅਵਾਜ਼ ਉਠਾਈ। ਇਥੇ ਪਤੀ ਨੂੰ ਪਰਮੇਸ਼ਰ ਤੇ ਔਰਤ ਨੂੰ ਖਰੀਦੀ ਹੋਈ ਦਾਸੀ ਜਾਂ ਭੇਡ ਬੱਕਰੀ ਨਹੀਂ ਦਸਿਆ ਗਿਆ, ਸਗੋਂ ਸਾਰੇ ਕਾਰਜਾਂ 'ਚ ਸਮਾਨ ਹਿੱਸਾ ਲੈਣ ਵਾਲਾ ਵਿਅਕਤੀ ਮੰਨਿਆ ਹੈ। ਸਿਮਰਤੀਆਂ ਵਾਲਾ ਕੁਟਿਲ ਵਿਧਾਨ ਜੋ ਇਸਤਰੀ ਨੂੰ ਨਿੰਦਦਾ ਤੇ ਕੈਦੀਆਂ ਵਾਂਗ ਜੀਵਨ ਬਿਤਾਵਣ ਲਈ ਮਜ਼ਬੂਰ ਕਰਦਾ ਸੀ, ਟੇਢੇ ਢੰਗ ਨਾਲ ਗੁਰੂ ਵਾਕਾਂ ਰਾਹੀਂ ਹਲੂਣਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਇਹ ਦਸ ਕੇ ਕਿ ਜਦੋਂ ਸਾਰੀ ਮਾਨਵ ਜਾਤੀ ਔਰਤ ਤੋਂ ਜਨਮ ਲੈਂਦੀ ਹੈ ਤੇ ਜੀਵਨ ਗੱਡੀ ਤੋਰਨ ਲਈ ਔਰਤ ਦੀ ਲੋੜ ਅਥਾਹ ਹੈ, ਪੁਛਿਆ ਕਿ ਫੇਰ ਔਰਤ ਨੂੰ ਮੰਦਾ ਕਿਉਂ ਕਿਹਾ ਜਾਂਦਾ ਹੈ?

**"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥"**

{ਆਸਾ ਦੀ ਵਾਰ, ਪੰਨਾ-੪੭੩}

## ੧੨.

# "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"

ਦਸਵੇਂ ਗੁਰੂ ਜਦੋਂ ਬਲੀ ਬੀਰ ਜੋਧੇ,
ਭਾਂਡਾ ਜ਼ੁਲਮ ਦਾ ਆਇਕੇ ਤੋੜ ਚਲੇ।
ਜਬਰ ਜਾਬਰਾਂ ਤੇ ਜ਼ੁਲਮ ਜ਼ਾਲਮਾਂ ਦਾ,
ਵਾਂਙ ਨਿੰਬੂਆਂ ਦੇ ਆਕੇ ਨਚੋੜ ਚਲੇ।
ਨੀਲੇ ਘੋੜੇ ਦੀਆਂ ਵਾਗਾਂ ਜਦੋਂ ਪ੍ਰੀਤਮ,
ਵਤਨ ਆਪਣੇ ਨੂੰ ਪਿਛਾਂ ਮੋੜ ਚਲੇ।
ਤਦੋਂ ਕਿਹਾ ਸਿਖਾਂ: "ਕਲਗ਼ੀ ਵਾਲੜੇ ਜੀ!
ਸਾਨੂੰ ਕਿਨ੍ਹਾ ਦੇ ਆਸਰੇ ਛੋੜ ਚਲੇ?"
ਲਗੇ ਕਹਿਣ ਪ੍ਰੀਤਮ: "ਮੈਂ ਹਾਂ ਦੇਸ ਚਲਿਆ,
ਫਲੇ ਫੁਲੇ ਪਿਛੋਂ ਸੋਹਣਾ ਪੰਥ ਤੁਹਾਡਾ।
"ਮੇਰੀ ਨੌਕਰੀ ਖ਼ਤਮ ਹੋ ਗਈ ਸਿੰਘੋ,
ਅਜ ਤੋਂ ਗੁਰੂ ਹੋਯਾ ਗੁਰੂ ਗ੍ਰੰਥ ਤੁਹਾਡਾ।
"ਅਗੋਂ ਲਈ ਪੂਜਾ ਕਰਨੀ ਏਸੇ ਦੀ ਜੇ,
ਇਸੇ ਵਿਚੋਂ ਹੀ ਸਮਝਨਾ ਲਾਹ ਤੁਹਾਡਾ।
"ਇਹੋ ਮਾਣ ਤੁਹਾਡਾ, ਇਹੋ ਤਾਣ ਤੁਹਾਡਾ,
ਇਹੋ ਰੱਬ ਦੇ ਮਿਲਣ ਦਾ ਰਾਹ ਤੁਹਾਡਾ।
"ਇਹੋ ਸ਼ਾਹ ਤੁਹਾਡਾ, ਪਾਤਸ਼ਾਹ ਤੁਹਾਡਾ,
ਪਾਤਸ਼ਾਹਾਂ ਦਾ ਵੀ ਪਾਤਸ਼ਾਹ ਤੁਹਾਡਾ।
"ਮੈਂ ਤਾਂ ਇਸੇ ਦੇ ਆਸਰੇ ਛੋਡ ਚਲਿਆਂ,
ਇਹੋ ਬੇੜਾ ਤੇ ਇਹੋ ਮਲਾਹ ਤੁਹਾਡਾ।
"ਜਿਸਦੇ ਘਰੀਂ ਏਹਦੇ ਸੋਹਣੇ ਚਰਨ ਪੈਸਣ,
ਸੁਖੀ ਉਸਦਾ ਸਾਰਾ ਪ੍ਰਵਾਰ ਹੋਸੀ।

"ਜਿਥੇ ਇਹ ਹੋਸੀ ਉਥੇ ਮੈਂ ਹੋਸਾਂ,
ਉਥੇ ਮੈਂ ਤੇ ਮੇਰਾ ਨਿਰੰਕਾਰ ਹੋਸੀ।
"ਕਿਸੇ ਚੀਜ਼ ਦੀ ਜੇ ਤੁਹਾਨੂੰ ਲੋੜ ਪਵੇ,
ਅਗੇ ਏਸਦੇ ਕਰਨੀ ਅਰਦਾਸ ਤੁਸਾਂ।
"ਸਚਖੰਡ ਦਾ ਉਥੇ ਪ੍ਰਕਾਸ਼ ਜਾਣੋਂ,
ਕੀਤਾ ਜਿਥੇ ਵੀ ਇਹਦਾ ਪ੍ਰਕਾਸ਼ ਤੁਸਾਂ।
"ਇਹਨੂੰ ਜਾਣਨਾ ਮਾਲਕ ਸੰਸਾਰ ਦਾ ਹੈ,
ਆਪਣੇ ਆਪ ਨੂੰ ਜਾਣਨਾ ਦਾਸ ਤੁਸਾਂ।
"ਕਲਪ ਬ੍ਰਿਛ ਇਹੋ, ਆਬੇ ਹਯਾਤ ਇਹੋ,
ਸਚੇ ਨਾਮ ਦੀ ਜਾਣੋ ਜਾਗੀਰ ਇਹੋ।
"ਇਹੋ ਸਿਖਾਂ ਦੇ ਸੋਹਣੇ ਅਜਾਇਬ ਘਰ ਦੀ,
ਸਭ ਤੋਂ ਸੱਚੀ ਤੇ ਸੁਚੀ ਤਸਵੀਰ ਇਹੋ।
"ਸੁਖਾਂ ਵੇਲੇ ਵੀ ਹੋਵੇਗਾ ਨਾਲ ਤੁਹਾਡੇ,
ਦੁਖਾਂ ਵੇਲੇ ਵੀ ਦੇਵੇਗਾ ਧੀਰ ਇਹੋ।
"ਅਖਾਂ ਵਾਲਿਆਂ ਨੂੰ ਦਿਸੇਗਾ, ਖਾਲਸਾ ਜੀ!
ਦਸਾਂ ਗੁਰਾਂ ਦਾ ਸੋਹਣਾ ਸਰੀਰ ਇਹੋ!
" 'ਸੀਤਲ' ਆਸਰੇ ਸਭ ਦੇ ਛਡ ਕੇ ਤੇ,
ਹੁਣ ਇਸੇ ਦੇ ਆਸਰੇ ਆਓ ਸਿੰਘੋ!
"ਮੈਂ ਤਾਂ ਏਸੇ ਦੇ ਆਸਰੇ ਛੱਡ ਚਲਿਆਂ,
ਅਗੇ ਏਸ ਦੇ ਸੀਸ ਝੁਕਾਓ ਸਿੰਘੋ!"

-ਸ੍ਰ. ਤਿਲੋਕ ਸਿੰਘ "ਸੀਤਲ"
(ਸੁਵਰਵਾਸੀ)

---

ਨੋਟ:- ਇਹ ਕਵਿਤਾ ਬੜੀ ਪੁਰਾਣੀ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਨਜ਼ਰ ਹੇਠੋਂ ਲੰਘੀ ਹੋਈ ਹੈ ਤੇ ਸਲਾਹੀ ਗਈ ਸੀ। ਲਿਖਾਰੀ ਸਵ: ਸ੍ਰੀ. ਤ੍ਰਿਲੋਕ ਸਿੰਘ ਸੀਤਲ ਨੂੰ ਪਿੱਠ ਤੇ ਥਾਪੜਾ ਮਿਲਿਆ ਸੀ। (ਸੰਪਾਦਕ)

# ਤਥਾਹੀ ਸ੍ਰੀ ਮੁਖਵਾਕ-ਦੋਹਿਰਾ

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਿਬੋ ਚਹੇ ਖੋਜ ਸਬਦ ਮੈ ਲੇਹ।
ਸਭ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ।
ਜਗਮਗ ਜੋਤ ਬਿਰਾਜਰੀ ਸ੍ਰੀ ਗੁਰੂ ਗ੍ਰੰਥ ਮਝਾਰ।
ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰੁ ਗ੍ਰੰਥ।
ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ।
ਵਾਹਿਗੁਰੂ ਗੁਰ ਗ੍ਰੰਥ ਜੀ ਉਭੈ ਜਹਾਜ ਉਦਾਰ।
ਜੋ ਸ਼ਰਧਾ ਸੇਵਹੈ ਸੋ ਉਤਰੈ ਭਵ ਪਾਰ॥੧੧॥

(ਗਿਆਨੀ ਗਿਆਨ ਸਿੰਘ ਕ੍ਰਿਤ
ਪੰਥ ਪ੍ਰਕਾਸ਼, ਪੰਨਾ, ੩੫੨-੫੩)